# ਵਰਿਆਮ

ਅਪਰੈਲ ੧੯੮੫

੨/੫੦



ਜਲਿਆਂ ਵਾਲਾ ਬਾਗ

Sri Satguru Jagjit Singh Ji eLibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭਰਪੂਰ ਤੰਦਰੁਸਤੀ ਅਤੇ ਸੁਆਦ ਲਈ ਵਰਤੋ:
ਸਵੈਚਾਲਤ ਜਰਮਨ ਮਸ਼ੀਨਾਂ ਦੁਆਰਾ ਤਿਆਰ ਕੀਤੇ ਗਏ
ਹੈਦਰਾਬਾਦ ਦੇ ਮਸ਼ਹੂਰ ਭੁਰਭੁਰੇ ਅਤੇ ਸੁਆਦਲੇ

ਅਸ਼ੋਕਾ ਬਿਸਕੁਟ




ਵਪਾਰਕ ਜਾਣਕਾਰੀ ਲਈ ਸੰਪਰਕ:

PHONES 565693 212667

THE ASOKA BISCUIT WORKS
HYDERABAD (A.P.)

ਨਿਰਮਾਤਾ: ਦੀ ਅਸ਼ੋਕਾ ਬਿਸਕੁਟ ਵਰਕਸ ਹੈਦਰਾਬਾਦ (ਏ.ਪੀ.)



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ





## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਡਿਲਕਸ ਵੰਨ ਸੁਵੰਨੇ ਸੁੰਦਰ ਡੀਜਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 258411
" : 250345
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.



Sri Satguru Jagjit Singh Ji eLibrary NamdhariElibrary@gmail.com

THE TRADERS' BANK LTD.
COMPLETES

# 50

(1933–1983)

YEARS OF DEDICATED SERVICE TO THE NATION

WE PAY 0·25% MORE INTEREST ON SAVINGS
AND TERM DEPOSITS
UPTO 3 YEARS THAN OTHER SCHEDULED
COMMERCIAL BANKS

*Invest in our attractive deposit schemes and grow with the growing Bank*

**Branches in : PUNJAB, HARYANA, U. P. & DELHI**

## THE TRADERS' BANK LTD.

(Regd. & H. O. H-72, Connought Circus New Delhi)

(Scheduled Bank)

S. PARKASH SINGH
General Manager

S. SHER SINGH SINDHU
Chairman



Sri Satguru Jagjit Singh Ji eLibrary NamdhariElibrary@gmail.com

https://archive.org/details/namdhari

**ਵਰਿਆਮ** ਅਪਰੈਲ ੧੯੮੫

ਜਿਲਦ ੧੦ ਅੰਕ ੬

ਸੰਪਾਦਕ : ਜਗਦੀਸ਼ ਸਿੰਘ

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।

## ਵਰਿਆਮ ਦੇ ਨਵੇਂ ਦਰ

| | | |
|---|---|---|
| ਇਕ ਪ੍ਰਤੀ | | ੨-੫੦ ਰੁਪਏ |
| ਸਾਲਾਨਾ ਚੰਦਾ | | ੨੫-੦੦ ਰੁਪਏ |
| ਤਿੰਨ ਸਾਲ ਵਾਸਤੇ | | ੬੫-੦੦ ,, |
| ਪੰਜ ਸਾਲ ਵਾਸਤੇ | | ੧੦੦-੦੦ ,, |
| ਲਾਈਫ ਮੈਂਬਰ | | ੩੦੦-੦੦ ,, |
| ਇੰਗਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੬੦-੦੦ ,, |
| ਅਰਬ-ਅਫ਼ਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੭੫-੦੦ ,, |
| ਅਮਰੀਕਾ : ਕੈਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੭੫-੦੦ ,, |

ਦਫ਼ਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
ਜਲੰਧਰ-੧੪੪੦੦੧
ਫੋਨ : ੭੨੫੦੪ ਪੀ. ਪੀ.

Office Address
Monthly WARIAM
(Punjabi)
Ladowali Road
Jalandhar-144001
Phone : 72504 PP

### ਵਿਰਧੀ ਬਨਾਮ ਰਾਹੀ

ਇਸ ਅੰਕ ਦੇ ਪੰਨਾ ੧੪ ਤੇ ਛਪੀ ਕਵਿਤਾ "ਭਾਰਤ ਦਾ ਮੁਕਤੀ ਦਾਤਾ' ਪ੍ਰਸਿੱਧ ਪੰਜਾਬੀ ਕਵੀ ਸ: ਜਸਵੰਤ ਸਿੰਘ ਰਾਹੀ ਦੀ ਹੈ। ਪਰ ਗਲਤੀ ਨਾਲ ਰਾਹੀ ਦੀ ਥਾਂ ਵਿਰਧੀ ਛਪ ਗਿਆ ਹੈ। ਸਫ਼ਾ ੧੫ ਅਤੇ ੨੫ ਉਪਰ ਛਪੀਆਂ ਰੁਬਾਈਆਂ ਵੀ ਰਾਹੀ ਜੀ ਦੀਆਂ ਹੀ ਹਨ।

ਸੰਪਾਦਕੀ/ਪੰਜਾਬੀਆਂ ਦਾ ਕੌਮੀ ਦਿਨ ਵਸਾਖੀ ... ੫
ਜਗਦੀਸ਼ ਸਿੰਘ/ਸੰਤੁ ਦੂਖ ਨ ਵਿਆਪਈ ... ੭
ਜਗਦੀਸ਼ ਸਿੰਘ/ਦਿਲੀ ਦਾ ਹੋਲਾ (ਰਿਪੋਰਤਾਜ) ... ੯
ਤਰਲੋਕ ਮਨਸੂਰ/ਸੰਗਰਾਮ ਦਾ ਸਫ਼ਰ ... ੧੩
ਜਸਵੰਤ ਸਿੰਘ ਰਾਹੀ/ਭਾਰਤ ਦਾ ਮੁਕਤੀ ਦਾਤਾ ... ੧੪
ਪ੍ਰੀਤਮ ਸਿੰਘ ਕਵੀ/ਬੀਤੇ ਦੀਆਂ ਪੈੜਾਂ ... ੧੭
ਅਵਤਾਰ ਸਿੰਘ/ਕੁਰਬਾਨੀ ... ੨੫
ਜਗਦੀਸ਼ ਸਿੰਘ/ਤੂ ਸਾਹਿਬ ਸਚੇ ਵੇਖੁ ... ੨੬
ਤਰਲੋਚਨ ਸਿੰਘ ਭਾਟੀਆ/ਬਲਬੀਰ ਸਿੰਘ ਕੰਵਲ ... ੩੪

### ਵਧਾਈਆਂ

ਦਿਲੀ ਵਿਚ ਹੋਏ ਨਾਮਧਾਰੀ ਹੋਲੇ ਦੇ ਅਵਸਰ ਤੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ੍ਰੀਮਾਨ ਮਾਸਟਰ ਨਿਹਾਲ ਸਿੰਘ ਜੀ ਅਤੇ ਨਾਮਧਾਰੀ ਕਾਟ ਦੇ ਬਸਤਰਾਂ ਦੀ ਕਟਾਈ ਸਿਲਾਈ ਦੇ ਸਿਧ ਹਸਤ ਮਾਹਰ ਬਜ਼ੁਰਗ ਸੰਤ ਅਨੰਤਾ ਸਿੰਘ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਪੰਥ ਰਤਨ ਦੀ ਉਪਾਧੀ ਦਿਤੀ ਗਈ। ਅਦਾਰਾ 'ਵਰਿਆਮ' ਦੋਹਾਂ ਸਨਮਾਨਤ ਵਿਅਕਤੀਆਂ, ਉਹਨਾਂ ਦੇ ਪਰਿਵਾਰ ਅਤੇ ਮਿਤਰ ਮੰਡਲ ਨੂੰ ਵਧਾਈਆਂ ਅਰਪਨ ਕਰਦਾ ਹੈ। —ਜਗਦੀਸ਼ ਸਿੰਘ

### ਇਕ ਬੇਨਤੀ

ਵਰਿਆਮ ਦੇ ਬਕਾਏ ਚੰਦਿਆਂ ਦੀ ਇਕ ਵਡੀ ਰਾਸ਼ੀ ਪਾਠਕਾਂ ਵਲ ਬਕਾਇਆ ਹੈ। ਅਸੀਂ ਸਭ ਨੂੰ ਇਸ ਸੰਬੰਧੀ ਕਾਰਡ ਪਾ ਦਿਤੇ ਹਨ। ਅਗੋਂ ਵਰਿਆਮ ਤਦ ਹੀ ਭੇਜਿਆ ਜਾਵੇਗਾ ਜੇਕਰ ਪਿਛਲੇ ਚੰਦੇ ਭੇਜੇ ਜਾਣ। ਇਸ ਮਹਿੰਗਾਈ ਦੇ ਸਮੇਂ ਵਿਚ ਜਦੋਂ ਕੀਮਤਾਂ ਅਸਮਾਨ ਛੂ ਰਹੀਆਂ ਹਨ ਚਾਹੀਦਾ ਤਾਂ ਇਹ ਹੈ ਕਿ ਵਰਿਆਮ ਦੀ ਹਰ ਪਰਕਾਰ ਸਹਾਇਤਾ ਕੀਤੀ ਜਾਵੇ ਇਸ਼ਤਿਹਾਰਾਂ ਰਾਹੀਂ, ਮਾਇਕ ਸਹਿਯੋਗ ਰਾਹੀਂ ਅਤੇ ਨਵੇਂ ਗਾਹਕ ਬਣਾਕੇ। ਜੇ ਇਹ ਨਹੀਂ ਹੋ ਸਕਦਾ ਤਾਂ ਘਟੋ ਘਟ ਆਪਣੇ ਚੰਦੇ ਸਮੇਂ ਸਿਰ ਪਹੁੰਚਾਣੇ ਪਾਠਕਾਂ ਦਾ ਫਰਜ਼ ਬਣਦਾ ਹੈ। ਕਈ ਕਈ ਸਾਲ ਤਕ ਚੰਦੇ ਹੀ ਨਾ ਭੇਜਣੇ ਉਚਿਤ ਨਹੀਂ।

ਵਰਿਆਮ ਪੜ੍ਹਦੇ ਸਮੇਂ ਇਹ ਜ਼ਰੂਰ ਸੋਚਿਆ ਕਰੋ ਕਿ ਤੁਸੀਂ ਵਰਿਆਮ ਵਾਸਤੇ ਕੀ ਕੀਤਾ ਹੈ ?



Sri Satguru Jagjit Singh Ji eLibrary NamdhariElibrary@gmail.com

# "ਪੰਜਾਬੀਆਂ ਦਾ ਕੌਮੀ ਦਿਨ ਵਿਸਾਖੀ"

ਵਿਸਾਖੀ ਦਾ ਦਿਨ ਪੰਜਾਬ ਵਾਸੀਆਂ ਵਾਸਤੇ ਇਕ ਹੁਲਾਰੇ ਦਾ ਦਿਨ ਹੈ। ਜੇ ਕੋਈ ਦਿਨ ਸਮੁਚੇ ਪੰਜਾਬੀਆਂ ਦਾ ਕੌਮੀ ਤਿਉਹਾਰ ਹੋ ਸਕਦਾ ਹੈ ਤਾਂ ਉਹ ਵਿਸਾਖੀ ਹੀ ਹੈ। ਮਜ਼ਹਬ ਜਾਤ ਬਰਾਦਰੀ ਅਤੇ ਵੇਸ ਭੂਸਾ ਦੀਆਂ ਹਦਾਂ ਉਲੰਘ ਕੇ ਇਹ ਸਭ ਪੰਜਾਬੀਆਂ ਦੀਆਂ ਉਮੰਗਾਂ ਦਾ ਦਿਨ ਹੈ। ਮੌਸਮ ਦੇ ਸੁਹਪਣ ਦੇ ਪਖੋਂ ਆਰਥਕਤਾ ਦੇ ਪਖੋਂ ਅਤੇ ਇਤਿਹਾਸ ਦੇ ਨਾਤੇ ਇਹ ਦਿਨ ਸਰਬ ਸਰੇਸ਼ਟ ਤਿਉਹਾਰ ਬਣ ਗਿਆ ਹੈ। ਵਿਸਾਖ ਦੀ ਆਮਦ ਤੇ ਪੰਜਾਬੀ ਦੀ ਪ੍ਰਸਿਧ ਕਵਿਤਰੀ ਅੰਮ੍ਰਿਤਾ ਪ੍ਰੀਤਮ ਨੇ ਕਿਹਾ ਸੀ:

ਘਰ ਘਰ ਮੰਗਲ ਵਜਦਾ ਘੜੀ ਚੜੇ ਵਿਸਾਖ
ਧਰਤੀ ਮਥਾ ਚੁੰਮ ਕੇ ਝੋਲੀ ਪਾਵੇ ਦਾਖ

ਕਣਕਾਂ ਦੇ ਨਿਸਰਨ ਨਾਲ ਕਿਸਾਨ ਵੀ ਝੂਮ ਉਠਦਾ ਹੈ। ਉਸ ਦੀ ਦਿਨ ਰਾਤ ਦੀ ਕਰੜੀ ਮਿਹਨਤ ਥਾਂਇ ਪੈਂਦੀ ਦਿਸਦੀ ਹੈ ਤਾਂ ਖਦੋਖਦੀ ਉਹਦਾ ਪੈਰ ਢੋਲ ਤੇ ਤਾਲ ਉਤੇ ਥਿਰਕਨ ਲਗ ਪੈਂਦਾ ਹੈ। ਪਕੀਆਂ ਕਣਕਾਂ ਦੀ ਮਹਿਕ ਨਾਲ ਪੰਜਾਬ ਦੀ ਸਮੁਚੀ ਧਰਤੀ ਨਸ਼ਿਆਈ ਜਾਂਦੀ ਹੈ ਅਤੇ ਇਹ ਕਣਕਾਂ ਦੀ ਮਹਿਕ ਸਰਹਦ ਦੇ ਹੱਦ ਬੰਨੇ ਟੱਪ ਕੇ ਸਾਂਝੇ ਦਿਲਾਂ ਦੀ ਖੁਸ਼ਬੋ ਬਣ ਜਾਂਦੀ ਹੈ। ਇਹ ਖੁਸ਼ਬੋ ਏਕਤਾ ਅਤੇ ਖੁਸ਼ਹਾਲੀ ਦਾ ਸੰਦੇਸ਼ ਦਿੰਦੀ ਹੈ।

ਅਨੰਦਪੁਰ ਦੇ ਕੇਸਗੜ੍ਹ ਸਾਹਿਬ ਵਿਚ ੧੬੯੯ ਨੂੰ ਦਸਮੇਸ਼ ਗੁਰੂ ਦੀ ਨੰਗੀ ਤਲਵਾਰ ਨੇ ਇਸੇ ਵਿਸਾਖੀ ਤੇ ਚਮਤਕਾਰਾ ਮਾਰਿਆ ਸੀ। ਉਸ ਸਿਰ ਮੰਗਦੀ ਤੇਗ਼ ਨੂੰ ਵਖ ਵਖ ਜਾਤਾਂ ਦੇ ਪੰਜਾਂ ਪਿਆਰਿਆਂ ਨੇ ਆਪਣੇ ਸੀਸ ਭੇਟ ਕੀਤੇ ਸਨ। ਉਹ ਆਏ ਵੀ ਭਾਰਤ ਦੇ ਭਿੰਨ ਭਿੰਨ ਹਿਸਿਆਂ ਚੋਂ ਸਨ। ਇਸ ਤਰ੍ਹਾਂ ਭਾਰਤ ਦੀ ਸਮੁਚੀ ਧਰਤੀ ਦੀ ਜਨਤਾ ਨੇ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿਚ ਆਪਣਾ ਜੀਵਨ ਅਰਪਿਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਨਿਆਰਾ ਨਿਰਭਉ ਨਿਰਵੈਰ, ਪੁਨੀਤ, ਜਟਾ ਜੂਟ ਖਾਲਸਾ ਸਾਜਿਆ ਜੋ ਆਤਮ ਰਸ ਦਾ ਜਾਨਣ ਹਾਰਾ ਸੀ। ਇਹ ਖਾਲਸਾ ਭਾਰਤ ਦੀ ਬੰਦ ਖਲਾਸ ਵਾਸਤੇ ਜੂਝਿਆ। ਜਦੋਂ ਤਕ ਇਹ ਨਿਆਰਾ ਰਿਹਾ—ਗੁਰੂ ਜੀ ਨੇ ਸਾਰਾ ਤੇਜ ਬਖਸ਼ਿਆ। ੧੬੯੯ ਦੀ ਵਿਸਾਖੀ ਨੇ ਏਕਤਾ ਅਤੇ ਸੂਰਬੀਰਤਾ ਦਾ ਸੰਦੇਸ਼ ਦਿਤਾ।

੧੮੫੭ ਦੀ ਵਿਸਾਖੀ ਨੂੰ ਨਵੇਂ ਇਨਕਲਾਬ ਦੇ ਜਨਮ ਦਾਤੇ ਗੁਰੂ ਰਾਮ ਸਿੰਘ ਨੇ ਮੁੜ ਖਾਲਸੇ ਦੀ ਆਭਾ ਨੂੰ ਬਹਾਲ ਕੀਤਾ ਅਤੇ ਫਿਰ ਸਾਮਰਾਜ ਵਿਰੁਧ ਜੂਝਣ ਵਾਸਤੇ ਤਿਆਰ ਕੀਤਾ। ਇਤਿਹਾਸ ਦੇ ਪੰਨਿਆਂ ਤੇ ਲਾਲ ਰਤ ਨਾਲ ਇਕ ਗੂੜ੍ਹਾ ਚਿੱਤਰ ਉਲੀਕਿਆ ਗਿਆ। ਕੁਰਬਾਨੀ, ਤਪ, ਤਿਆਗ ਅਤੇ ਸਾਦਗੀ ਇਹ ਨਾਮਧਾਰੀ-ਸੰਤ-ਖਾਲਸਾ ਦਾ ਸਰੂਪ ਸੀ—ਜੋ ੧੮੫੭ ਵਿਸਾਖੀ ਵਾਲੇ ਦਿਨ ਉਜਾਗਰ ਹੋਇਆ।

ਸੰਨ ੧੯੧੯ ਦੀ ਵਿਸਾਖੀ ਨੂੰ ਫਿਰ ਇਤਿਹਾਸ ਨੇ ਮੋੜ ਪਾਇਆ। ਜਦੋਂ ਪੰਜਾਬ ਦੇ ਖੇਤਾਂ ਵਿਚ ਕਿਸਾਨਾਂ ਨੇ ਕਣਕਾਂ ਦੀ ਵਾਢੀ ਪਾਈ ਹੋਈ ਸੀ ਤਾਂ ਅੰਮ੍ਰਿਤਸਰ ਦੇ ਇਕ ਉਜੜੇ ਬਾਗ ਜਲ੍ਹਿਆਂ ਵਾਲਾ ਵਿਚ ਅੰਗਰੇਜ਼ ਕਮਾਂਡਰ ਜਰਨਲ ਡਾਇਰ ਨੇ ਦੇਸ਼ ਭਗਤ ਸਿਰਾਂ ਦੀ ਵਾਢੀ ਪਾਈ ਹੋਈ ਸੀ। ਉਦੋਂ ਹਿੰਦੂਆਂ ਮੁਸਲਮਾਨਾਂ ਅਤੇ ਸਿਖਾਂ ਦਾ ਖੂਨ ਮੁੜ ਸਾਂਝਾ ਹੋ ਕੇ ਵਹਿਆ ਸੀ। ਇਕੋ ਗੂੜ੍ਹੇ ਲਾਲ ਰੰਗ ਦਾ ਗਰਮ ਅਤੇ ਜੋਸ਼ੀਲਾ ਖੂਨ। ਭਾਰਤ ਦੀ ਏਕਤਾ ਦੀ ਗੂੜ੍ਹੀ ਛਾਪ ਲਾਉਂਦਾ। ਇਹ ਵੀ ਅਨੇਕਤਾ ਵਿਚ ਏਕਤਾ ਅਤੇ ਦੇਸ਼ ਪ੍ਰੇਮ ਦਾ ਸੰਦੇਸ਼ ਦਿੰਦਾ ਦਿਨ ਸੀ।

ਅਜ ਫੇਰ ਵਿਸਾਖੀ ਆਈ ਹੈ। ਕਣਕਾਂ ਦੀ ਮਹਿਕ ਵੀ ਹੈ। ਮਰਜੀਵੜੇ ਸ਼ਹੀਦਾਂ ਦਾ ਇਤਿਹਾਸ ਵੀ ਚੇਤੇ ਹੈ। ਸਾਡੇ ਹਾਸੇ ਸਾਂਝੀਆਂ ਪੀੜਾਂ ਅਤੇ ਸਾਂਝੇ ਖੂਨ ਦਾ ਦਰਿਆ ਵੀ ਨਹੀਂ ਭੁਲਿਆ।

ਇਸ ਪਿਆਰ ਦੀ ਰੁੱਤ ਵਿਚੋਂ ਨਫ਼ਰਤ ਦੇ ਬੀਜ ਨੂੰ ਕਢਣ ਵਾਸਤੇ ਜੂਝਣ ਦੀ ਲੋੜ ਹੈ।

ਸਾਡੀ ਕਾਮਨਾ ਹੈ ਕਿ ਸੰਨ ੧੯੮੫ ਦੀ ਵਿਸਾਖੀ ਖੁਸ਼ਹਾਲੀ, ਏਕਤਾ ਅਤੇ ਸਾਂਝੇ ਖੂਨ ਦੀ ਮਹਾਨਤਾ ਨੂੰ ਮੁੜ ਸਥਾਪਤ ਕਰੇ। ਵਿਨਾਸ਼ ਵਿਸ਼ੇਪਤਾ ਅਤੇ ਮੰਦਹਾਲੀ ਦੇ ਬੀਜ ਨਾਸ ਹੋ ਜਾਣ। —ਜ. ਸ.



Sri Satguru Jagjit Singh Ji eLibrary NamdhariElibrary@gmail.com

# ਸੋਗੁ ਦੂਖ ਨ ਵਿਆਪਏ

ਕਈ ਦਿਨ ਕੁਦਰਤੀ ਬਹੁਤ ਸੁਖਾਵੇਂ ਹੋ ਜਾਂਦੇ ਹਨ। ਕਈ ਘਟਨਾਵਾਂ, ਕਈ ਵਿਅਕਤੀਆਂ ਦਾ ਮੇਲ ਮੰਗਲਮਈ ਹੋ ਹੁੰਦੇ ਹਨ।

ਦਿੱਲੀ ਵਿਚ ੮ ਤੋਂ ੧੧ ਮਾਰਚ ਤੱਕ ਹੋਏ ਹੋਲੇ ਸਮਾਗਮ ਵਿਚ ਦਿਨ ਰਾਤ ਹੁੰਦੇ ਸਿਮਰਨ ਭਜਨ ਕੀਰਤਨ ਅਤੇ ਸੇਵਾ ਅਤੇ ਸਤਿਗੁਰੂ ਦਰਸ਼ਨ ਨੇ ਕੁਝ ਅਜਿਹਾ ਹੀ ਵਾਤਾਵਰਨ ਸਿਰਜ ਦਿਤਾ ਸੀ ਜਿਹੋ ਜਿਹਾ ਗੁਰੂ ਅਮਰਦਾਸ ਜੀ ਨੇ ਬਿਆਨ ਕੀਤਾ ਹੈ :

ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ।
ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ।
ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ।
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ॥

ਹਰਿ ਨਾਮ ਦਾ ਰਸ ਭੋਗਦੇ ਅਤੇ ਹਰਿ ਹਰਿ ਪਿਆ ਕੇ ਪਵਿਤਰ ਹੋਏ ਗੁਰਮੁਖ ਸਮੂਹ ਦੀ ਅਰਦਾਸ ਸੀ ਕਿ ਸਚੇ ਪਾਤਸ਼ਾਹ ਕੁਲ ਸੰਸਾਰ ਤੇ ਸ਼ਾਂਤੀ ਹੋਵੇ। ਇਥੇ ਚਾਰ ਦਿਨਾ ਤੋਂ ਅੰਮ੍ਰਿਤ ਵਰਖਾ ਹੋਈ ਸੀ। ਉਹ ਅੰਮ੍ਰਿਤ ਜੋ ਸੁਰਿਨਰ ਮੁਨਿਜਨ ਖੋਜਦੇ ਫਿਰਦੇ ਹਨ। ਉਸ ਅੰਮ੍ਰਿਤ ਦੀ ਪ੍ਰਾਪਤੀ ਗੁਰੂ ਤੋਂ ਹੁੰਦੀ ਰਹੀ। ਜਿਨ੍ਹਾਂ ਲਬ ਲੋਭ ਅਹੰਕਾਰ ਤਜਿਆ ਸੀ ਅਤੇ ਵਿਚ ਸਚੇ ਦਾ ਵਾਸਾ ਸੀ, ਅੰਮ੍ਰਿਤ ਗੁਰ ਤੋਂ ਪਾਉਣ ਵਾਲੇ ਭਗਤਾਂ ਗੁਰਸਿਖਾਂ ਨੇ ਜੀਵਨ ਦੀ ਕਾਮਨਾ ਹੀ ਕਰਨੀ ਸੀ। ਸਮੂਚੀ ਕਾਇਨਾਤ ਦੇ ਜੀਵਾਂ ਵਾਸਤੇ ਜਿਊਣ, ਸੁਖ ਅਤੇ ਮੰਗਲ ਦੀ ਯਾਚਨਾ।

ਦਿੱਲੀ ਵਿਚ ਪਿਛਲੇ ਸਾਲ ਦੇ ਅੰਤ ਤੇ ਵਾਪਰੀਆਂ ਖੂਨੀ ਘਟਨਾਵਾਂ ਦੇ ਮਾਰੂ ਪਰਛਾਵਿਆਂ ਵਿਚ ਇਹ ਸੰਤ-ਗੁਰੂ ਸਮਾਗਮ ਹੋਇਆ ਸੀ। ਵਿਸ਼ਾਲ ਪੰਡਾਲ ਦੇ ਦੂਰੇਡੇ ਕੋਨਿਆਂ ਤਕ ਦੁਧ ਚਿੱਟੇ ਬਸਤਰਾਂ ਵਿਚ ਬੈਠੀਆਂ ਗੁਰਮੁਖ ਸੰਗਤਾਂ ਵਿਚ ਵਿਚ ਕਿਤੇ ਭਰਵੇਂ ਪੀਲੇ ਨੀਲੇ ਵਸਤਰਾਂ ਦਾ ਪਰਭਾਵ ਇਵੇਂ ਦਿਸਦਾ ਸੀ ਜਿਵੇਂ ਚਿੱਟੀ ਚਾਦਰ ਉਤੇ ਫੁੱਲਾਂ ਦੀ ਕਢਾਈ ਕੀਤੀ ਹੋਵੇ। ਇਹ ਸੁਖ ਅਤੇ ਸ਼ਾਂਤੀ ਪ੍ਰਦਾਨ ਕਰਦਾ ਦ੍ਰਿਸ਼ ਸੀ।

ਦਿੱਲੀ ਨਿਵਾਸੀਆਂ ਅਤੇ ਹੋਰ ਲੋਕਾਂ ਦੇ ਮਨਾਂ ਵਿਚ ਵੀ ਇਕ ਅਚੇਤ ਸੰਦੇਹ ਲੁਕਿਆ ਪਿਆ ਸੀ। ਏਡਾ ਵੱਡਾ ਸਮਾਗਮ ਦਿੱਲੀ ਉਜੜਣ ਦੇ ਏਡੀ ਛੇਤੀ ਪਿਛੋਂ? ਪੰਜਾਬ ਵਿਚ ਪਿਛਲੇ ਵਰ੍ਹਿਆਂ ਵਿਚ ਹੋਈਆਂ ਖੂਨੀ ਘਟਨਾਵਾਂ ਦਿੱਲੀ ਵਿਚ ਪ੍ਰਧਾਨ ਮੰਤਰੀ ਦਾ ਕਤਲ ਅਤੇ ਬਾਅਦ ਵਿਚ ਸਿੱਖ ਵਿਰੋਧੀ ਘਲੂਘਾਰੇ। ਇਹਨਾਂ ਗੱਲਾਂ ਦੇ ਵਿਕਰਾਲ ਅਕਸ ਥਲੇ ਨਾਮਧਾਰੀਆਂ ਦੇ ਦਿੱਲੀ ਹੋਲੇ ਦੀ ਸਫਲਤਾ ਕਿਥੇ ਪਲੋਂਦੀ ਹੈ ਇਹ ਪ੍ਰਸ਼ਨ ਚਿੰਨ ਸਭ ਲੋਕਾਂ ਦੇ ਦਿਮਾਗ ਵਿਚ ਸੀ। ਕੁਝ ਕੁਝ ਨਜ਼ਰਾਂ ਵੀ ਦਾਦੀਆਂ ਟੋਂਹਦੀਆਂ ਸਨ। ਕਈਆਂ ਨੇ ਤਾਂ ਹੋਲਾ ਸਮਾਗਮ ਹੀ ਹਰਨ ਤੇ ਕਿੰਤੂ ਕੀਤਾ ਪਰ ਉਹ ਨਹੀਂ ਮਨ ਜਾਣਦੇ ਕਿ ਗੁਰੂ ਅਰਜਨ ਦੇਵ ਜੀ ਦਾ ਫਰਮਾਨ ਹੈ :

ਜਾਕਉ ਚਿੰਤਾ ਬਹੁਤ ਬਹੁਤ, ਦੇਹੀ ਵਿਆਪੈ ਰੋਗ
ਗ੍ਰਿਸਤਿ ਕੁਟੰਬਿ ਪਲੇਟਿਆ, ਕਦੇ ਹਰਖੁ ਕਦੇ ਸੋਗ
ਗਉਣੁ ਕਰੇ ਚਹੁ ਕੁੰਟ ਕਾ, ਘੜੀ ਨ ਬੈਸਣੁ ਸੋਇ
ਚਿਤਿ ਆਵੈ ਓਸੁ ਪਾਰਬ੍ਰਹਮੁ, ਤਨੁ ਮਨੁ ਸੀਤਲੁ ਹੋਇ

ਜਦੋਂ ਅੱਠ ਮਾਰਚ ਨੂੰ ਅੰਮ੍ਰਿਤ ਵੇਲੇ ਸੁਰੀਲੇ ਰਾਗੀਆਂ ਨੇ ਆਸਾ ਦੀ ਵਾਰ ਦੇ ਕੀਰਤਨ ਦੀ ਸ਼ੁਰੂਆਤ 'ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ' ਨਾਲ ਕੀਤੀ ਉਸ ਦਿਨ ਤੋਂ ਲੈ ਕੇ ਲਗਾਤਾਰ ਦਿਨ ਰਾਤ ਅੰਮ੍ਰਿਤ ਦੀ ਵਰਖਾ ਹੁੰਦੀ ਰਹੀ। ਕਦੀ ਗੰਧਰਬ ਰਾਗੀਆਂ ਦਾ ਕੀਰਤਨ ਹੋ ਰਿਹਾ ਹੈ, ਕਦੀ ਢੋਲਕ ਛੈਣਿਆਂ ਵਿਚ ਮਸਤ ਹੋਏ ਸਿੰਘ ਆਨੰਦ ਪ੍ਰਸ਼ਾਦਿ ਵੰਡ ਰਹੇ ਹਨ ਕਦੀ ਸੰਤ ਸਮਾਗਮ ਵਿਚ ਅਨੇਕਾਂ ਧਰਮਾਂ ਭੇਖਾਂ ਦੇ ਵਿਦਵਾਨ ਸਾਂਝੀਵਾਲਤਾ ਦੀ ਬਾਤ ਪਾ ਰਹੇ ਹਨ।

ਮਨ ਵਿਚੋਂ ਮਾਨ, ਮਦ, ਵਿਕਾਰ, ਪਾਪ, ਦੁਖ ਸੰਤਾਪ ਖਿਜਲਾ ਕੇ ਭਜ ਰਹੇ ਹਨ ਅਤੇ 'ਰੈਣਿ ਸੁਹਾਵੜੀ ਦਿਨਸੁ ਸਹੇਲਾ' ਹੀ ਹੁੰਦਾ ਚਲਾ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਅਤੇ ਹੋਰ ਕਲਾਕਾਰਾਂ ਦੇ ਕੰਠਾਂ ਚੋਂ ਨਿਕਲੀਆਂ ਗੁਰਬਾਣੀ ਦੀਆਂ ਪੰਕਤੀਆਂ, ਸਰੋਦ ਸਿਤਾਰ, ਸਾਰੰਗੀ ਦਿਲਰੁਬਾ ਸਾਜ਼ਾਂ ਦੀਆਂ ਧੁਨਾਂ ਅਤੇ ਤਬਲੇ ਮਿਰਦੰਗਾਂ ਢੋਲਕਾਂ ਦੀਆਂ ਥਾਪਾਂ ਦਿੱਲੀ ਦੀ ਫਿਜ਼ਾ ਪ੍ਰੇਮ ਦੀ ਮਿਠਤ ਘੋਲ ਰਹੀਆਂ ਹਨ।

ਨੌਂ ਤਾਰੀਖ ਦੀ ਰਾਤ ਨੂੰ ਪੰਜਾਬੀ ਕਵੀਆਂ ਨੇ ਆਪਣੇ ਜਜ਼ਬਾਤਾਂ ਵਿਚ ਸ਼ਬਦਾਂ ਨੂੰ ਵਿਓਂ ਵਿਓਂ ਕੇ ਬਾਰ ਬਾਰ ਇਹ ਹੀ ਅਲਾਪਿਆ :

'ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ'



Sri Satguru Jagjit Singh Ji eLibrary NamdhariElibrary@gmail.com

ਅਮਨ ਏਕਤਾ ਦੀ ਦੁਹਾਈ ਪਾਉਂਦੀਆਂ ਪੰਜਾਬ ਦੇ ਨੌਜਵਾਨ ਸ਼ਾਇਰਾਂ ਦੀਆਂ ਆਵਾਜ਼ਾਂ ਜੰਗ, ਹਿੰਸਾ ਅਤੇ ਫੁਟ ਦੀਆਂ ਤਾਕਤਾਂ ਨੂੰ ਵੰਗਾਰ ਪਾ ਰਹੀਆਂ ਸਨ।

ਅਮਨ ਸ਼ਾਂਤੀ ਦੇ ਇਸ ਜਗ ਵਿਚ ਸੈਂਕੜੇ ਪਾਠਾਂ ਦੇ ਭੋਗ ਪਾਏ ਗਏ, ਮਹਾਨ ਹਵਨ ਕੀਤਾ ਗਿਆ ਵਿਸ਼ਾਲ ਲੰਗਰ ਲਾਇਆ ਗਿਆ ਅਤੇ ਅੰਤਲੇ ਦਿਨ ਅਨੰਦ ਕਾਰਜ ਕੀਤੇ ਗਏ।

ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਅਮਨ ਸ਼ਾਂਤੀ ਮਹਿੰਦ ਅਤੇ ਅਕਾਲ ਪੁਰਖ ਰਜ਼ਾ ਵਿਚ ਰਹਿਣ ਅਤੇ ਮਨ ਸੀਤਲ ਕਰਨ ਵਾਲੇ ਨਾਮ ਦੇ ਅਭਿਆਸ ਦੇ ਪਾਵਨ ਉਪਦੇਸ਼ ਨਾਲ ਇਹ ਮੇਲਾ ਅਤਿ ਹੀ ਮੰਗਲਮਈ ਅਤੇ ਸੁਖਾਵੇਂ ਵਾਤਾਵਰਣ ਵਿਚ ਸਮਾਪਤ ਹੋਇਆ।

ਅਰਦਾਸੀਏ ਸਿੰਘ ਦੇ ਸ਼ਬਦ ਸਨ : "ਸਾਰੀ ਅਰਦਾਸ ਬੇਨਤੀ ਹੈ ਸਤਿਗੁਰੂ ਰਾਮ ਸਿੰਘ ਸਚੇ ਪਾਤਸ਼ਾਹ ਕੋਈ ਦੁਖੀਆ ਨਾ ਰਹੇ ਸਭ ਸ੍ਰਿਸ਼ਟੀ ਤੇ ਧਰਮ ਵਰਤਾ..."

ਗਿਆਰਾਂ ਮਾਰਚ ਨੂੰ ਇਹ ਸ਼ਾਂਤੀ ਯਗ ਸਮਾਪਤ ਹੋਇਆ ਅਤੇ ਇਸੇ ਦਿਨ ਹੀ ਖ਼ਬਰਾਂ ਆ ਰਹੀਆਂ, "ਅਕਾਲੀ ਲੀਡਰ ਜੇਲ੍ਹਾਂ ਚੋਂ ਰਿਹਾ ਕਰ ਦਿਤੇ ਗਏ, ਸਰਕਾਰ ਵਾਰਤਾ ਲਈ ਤਿਆਰ"।

ਕਈ ਕਹਿਣਗੇ ਕਿ ਇਸ ਗੱਲ ਦਾ ਹੋਲੇ ਨਾਲ ਕੀ ਸੰਬੰਧ ?...ਇਹ ਸੰਬੰਧ ਹੈ ਅਤੇ ਅਗੇ ਕਈ ਵਾਰ ਇਵੇਂ ਹੈ ਹੋਇਆ। ਕਈ ਕਰਮ ਅਜਿਹੇ ਹੁੰਦੇ ਹਨ ਕਿ ਉਹ ਸਾਰੇ ਸੰਸਾਰ ਤੇ ਅਸਰ ਪਾਉਂਦੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਹਾ ਸੀ ਕਿ "ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਹੋਲੀ ਤੋਂ ਹੋਲਾ ਦਾ ਰੂਪ ਦੇ ਕੇ ਜੰਗੀ ਅਭਿਆਸਾਂ ਦੇ ਪਰਦਰਸ਼ਨ ਦੀ ਪ੍ਰਿਤ ਤੋਰੀ ਸੀ। ਬਦੀ ਅਤੇ ਪਾਪ ਦੇ ਖਿਲਾਫ ਜੰਗ ਅੱਜ ਵੀ ਜਾਰੀ ਹੈ ਭਾਵੇਂ ਉਸ ਦੇ ਢੰਗ ਤਰੀਕੇ ਬਦਲਦੇ ਰਹਿੰਦੇ ਹਨ।"

ਦਿੱਲੀ ਹੋਲੇ ਵਿਚੋਂ ਮਿਲਦੇ ਅਧਿਆਤਮਕ ਰੰਗਾਂ ਦੁਆਰਾ ਦੁਖ ਕਲੇਸ਼ ਅਤੇ ਪਾਪਾਂ ਦੇ, ਖਿਲਾਫ ਆਪਣੇ ਹੀ ਢੰਗ ਨਾਲ ਜੰਗ ਲੜੀ ਗਈ ਹੈ।

—ਜਗਦੀਸ਼ ਸਿੰਘ

---

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ
ਸਤਿਗੁਰਿ ਸੁਖੁ ਵੇਖਾਲਿਆ, ਸਚਾ ਸਬਦੁ ਬੀਚਾਰਿ
ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ
(ਸਲੋਕ ਮ: ੩)

ਫੋਨ : ੭੨੮੬੯
੭੪੭੩੦

ਨਾਮਧਾਰੀ ਟੈਂਟ ਹਾਊਸ
ਹਮੀਦੀਆ ਰੋਡ
ਭੋਪਾਲ (ਮ: ਪ੍ਰ:)



Sri Satguru Jagjit Singh Ji eLibrary NamdhariElibrary@gmail.com

# ਦਿੱਲੀ ਦਾ ਹੋਲਾ

ਅਸੀਂ ਦਿੱਲੀ ਤਾਂ ਛੇ ਮਾਰਚ ਰਾਤ ਨੂੰ ਹੀ ਪਹੁੰਚ ਗਏ ਸਾਂ ਪਰ ਸਤ ਨੂੰ ਸਵੇਰੇ ਹੀ ਸਾਨੂੰ ਵਾਰਨਿੰਗ ਮਿਲ ਗਈ ਸੀ; "ਅੱਜ ਬਿਲਕੁਲ ਬਾਹਰ ਨਾ ਨਿਕਲਿਓ ਇਥੋਂ ਦੀ ਹੋਲੀ ਬਹੁਤ ਭੈੜੀ ਹੁੰਦੀ ਏ ਕਿਸੇ ਦੀ ਪਰਵਾਹ ਨਹੀਂ ਕਰਦੇ।" ਮੈਂ ਸ਼ਾਮਾਂ ਗਵਾਂਢ ਵਿਚ ਸੰਤ ਸੁਖਦਰਸ਼ਨ ਸਿੰਘ ਦੇ ਘਰ ਗਿਆ ਤੇ ਉਥੇ ਹੀ ਡਾਕਟਰ ਦਲੀਪ ਸਿੰਘ ਜੀ ਦੇ ਦਰਸ਼ਨ ਵੀ ਹੋਏ। ਨਾਮਧਾਰੀ ਹੋਲੇ ਦੇ ਚਿੱਤਰ ਪ੍ਰਦਰਸ਼ਨੀ ਵਾਸਤੇ ਤਿਆਰੀ ਸਿਖਰਾਂ ਤੇ ਸੀ। ਮੋਹਨ ਸਿੰਘ ਹਰਪਾਲ ਸਿੰਘ ਤਸਵੀਰਾਂ ਵਿਚ ਘਿਰੇ ਬੈਠੇ ਸਨ।

ਧੁਪ ਦੇ ਚੜ੍ਹਾਅ ਨਾਲ ਘਰ ਵਿਚ ਬੈਠਣਾ ਵੀ ਮੁਸ਼ਕਲ ਸੀ। ਆਖਰ ਸਕੂਟਰ ਫੜਿਆ ਤੇ ਲਾਗੇ ਬਾਗੋ ਦੀਆਂ ਸੜਕਾਂ ਤੋਂ ਘੁੰਮ ਕੇ ਹੌਲੀ ਹੌਲੀ ਰਾਜਾ ਗਾਰਡਨ ਚੌਕ ਪਹੁੰਚ ਗਿਆ। ਇਥੇ ਹੀ "ਸਤਿਗੁਰੂ ਰਾਮ ਸਿੰਘ ਨਗਰ" ਦੀ ਸਥਾਪਨਾ ਕੀਤੀ ਗਈ ਸੀ। ਹੋਲਾ ਅਗਲੇ ਦਿਨ ਸ਼ੁਰੂ ਹੋਣਾ ਸੀ ਪਰ ਮੇਲਾ ਅੱਜ ਹੀ ਲਗ ਗਿਆ ਸੀ। ਪੰਡਾਲ ਦੀ ਸਜਾਵਟ ਆਖਰੀ ਪੜਾਅ ਤੇ ਸੀ। ਪ੍ਰਦਰਸ਼ਨੀ, ਸਾਈਕਲ ਸਟੈਂਡ, ਜੋੜਿਆਂ ਦਾ ਸਥਾਨ, ਦਫਤਰਾਂ ਦੇ ਸ਼ਾਮਿਆਨੇ, ਲੰਗਰ ਅਸਥਾਨ ਦੀਆਂ ਤਿਆਰੀਆਂ ਆਖਰੀ ਚਰਨਾਂ ਤੇ ਸਨ। ਇਕ ਜੋਸ਼ ਅਤੇ ਉਤਸ਼ਾਹ ਦਾ ਮਾਹੌਲ ਸੀ। ਹੋਲੇ ਦੇ ਲੰਗਰ ਵਾਸਤੇ ਆਟਾ ਸ਼ੁਧ ਕਣਕ ਤੋਂ ਤਿਆਰ ਕਰਵਾਇਆ ਗਿਆ। ਇਸ ਮੰਤਵ ਵਾਸਤੇ ਇਕ ਨਵੀਂ ਚੱਕੀ ਅਪਣੀ ਲਾਈ ਗਈ। ਲੰਗਰ ਸੋਧ ਦਾ ਤਿਆਰ ਹੋਣਾ ਸੀ। ਇਸ ਵਾਸਤੇ ਇਕ ਖੂਹ ਨਵਾਂ ਲਾਇਆ ਗਿਆ ਸੀ। ਨਗਰ ਕਾਰਪੋਰੇਸ਼ਨ ਤੋਂ ਕਿਰਾਏ ਤੇ ਲਈ ਗਈ ਸੀ ਇਸ ਉਤੇ ਜੋ ਨਵੀਂ ਉਸਾਰੀ ਕੀਤੀ ਗਈ ਸੀ ਇਹ ਜੋਗੀਆਂ ਵਾਂਗ ਛੱਡ ਕੇ ਅੰਤ ਤੇ ਲਾਂਭੇ ਹੋ ਜਾਣਾ ਸੀ। ਸਾਹਮਣੇ ਮੈਦਾਨ ਵਿਚ ਇੱਟਾਂ ਦੀ ਜੜਤ ਕਰਕੇ ਲੰਮੀਆਂ ਕਤਾਰਾਂ ਲੰਗਰ ਛਕਣ ਵਾਸਤੇ ਬਣਾਈਆਂ ਗਈਆਂ ਸਨ। ਪਰਲੇ ਪਾਸੇ ਕਾਰਪੋਰੇਸ਼ਨ ਦੀ ਪਾਣੀ ਦੀਆਂ ਟੂਟੀਆਂ ਫਿਟ ਕੀਤੀਆਂ ਗਈਆਂ ਸਨ—ਪਾਣੀ ਥੋੜ੍ਹਾ ਹੀ ਸ਼ੁਰੂ ਦੇ ਪੀਣ ਜੋਗਾ ਆਉਂਦਾ, ਜੋ ਮਿਠਾ ਤੇ ਸਵਾਦੀ ਪੀਣ ਵਾਲੇ ਉਪਰ ਛਿੜਾਂ ਨਹੀਂ ਪੈਂਦੀਆਂ ਸਨ, ਬਲਕੇ ਵੀ ਅਜਿਹਾ ਪਰਬੰਧ ਸੀ। ਉਸ ਤੋਂ ਅਗੇ ਕੰਧ ਦੇ ਪਾਰਲੇ ਪਾਸੇ ਇਸ਼ਨਾਨ ਲਈ ਟੂਟੀਆਂ ਸਨ ਤੇ ਹੋਰ ਦੂਰ ਜੰਗਲ-ਪਾਣੀ ਜਾਣ ਵਾਸਤੇ ਨੀਮ-ਫਲਸ਼ ਟੱਟੀਆਂ ਦਾ ਪਰਬੰਧ ਸੀ ਤੰਬੂਆਂ ਦੀਆਂ ਕਤਾਰਾਂ ਸਨ ਰਹਿਣ ਵਾਸਤੇ। ਹਟੀਆਂ ਦੀ ਇਕ ਲਾਈਨ ਸੀ—ਫਰੂਟ, ਚਾਹਾਂ, ਪੁਸਤਕਾਂ ਅਤੇ ਦੇਸੀ ਘਿਓ ਦੀਆਂ ਜਲੇਬੀਆਂ ਅਤੇ ਤੇਲ ਦੇ ਪਕੌੜੇ ਵਾਲਿਆਂ। ਆਦਿ ਨਗਰ ਦਾ ਦਫਤਰ, ਜੋੜਿਆਂ ਦੇ ਪਰਬੰਧਕ, ਪ੍ਰੂਫ-ਰਿਡ, ਸਤਿਜੁਗ ਅਖਬਾਰ, ਕਵਿਕ ਟਰੈਵਲ ਅਤੇ ਹੋਰ ਕਈ ਦਫਤਰ ਸਥਾਪਤ ਹੋ ਚੁਕੇ ਸਨ। ਸ: ਸੁਲੱਖਣ ਸਿੰਘ ਮੈਂਬਰ ਮੈਟਰੋਪਾਲੀਟਨ ਕੌਂਸਲ ਸਰਗਰਮੀਆਂ ਦੀ ਧੂਲ ਧਣੇ ਸਜਾਏ ਸਨ। ਹਦਾਇਤਾਂ ਦੇਣ ਤੋਂ ਇਲਾਵਾ ਆਪ ਹਰ ਕੰਮ ਵਿਚ ਰੁਝੇ ਸਨ ਇਥੋਂ ਤਕ ਕਿ ਸਫਾਂ ਵੀ ਆਪ ਚੁੱਕ ਚੁੱਕ ਕੇ ਵਿਛਾ ਰਹੇ ਸਨ। ਹੁਣ ਸ: ਹਰਵਿੰਦਰ ਸਿੰਘ ਹੰਸਪਾਲ ਸਾਹਿਬ ਵੀ ਪਧਾਰ ਚੁਕੇ ਸਨ। ਅਤੇ ਨਿੱਕੇ ਨਿੱਕੇ ਕੰਮਾਂ ਦੀ ਵੀ ਨਿਰੀਖਣ ਕਰ ਰਹੇ ਸਨ। ਆਦੇਸ਼ ਦੇ ਰਹੇ ਸਨ।

ਸ਼ਾਮ ਤਕ ਨਕਸ਼ਾ ਹੀ ਬਦਲ ਚੁੱਕਾ ਸੀ। ਢਾਈ ਸੌ ਆਦਮੀਆਂ ਦੇ ਬੈਠਣ ਵਾਲਾ ਉਚਾ ਵਿਸ਼ਾਲ ਸਟੇਜ ਦੂਜ ਦੇ ਚੰਨ ਵਰਗੇ ਆਕਾਰ ਦਾ ਸੀ। ਗਲੀਚੇ ਵਿਛ ਗਏ ਸਨ ਅਤੇ ਚਿੱਟੀਆਂ ਚਦਰਾਂ ਨਾਲ ਜੋਗਾ ਮੱਗ ਕਰ ਰਿਹਾ ਸੀ। ਸਾਹਮਣੇ ਵਿਸ਼ਾਲ ਪੰਡਾਲ ਜਿਸ ਵਿਚ ੨੫੦੦੦ ਵਿਅਕਤੀ ਬੈਠ ਸਕਦੇ ਸਨ ਤਿਆਰ ਸੀ। ਕੋਈ ਥੰਮ ਕੋਈ ਸਪੋਰਟ ਨਹੀਂ ਸੀ। ਬਸ "ਬਿਨੁ ਥੰਮ੍ਹਾ ਗਗਨੁ ਰਹਾਇਆ" ਹੀ ਸੀ। ਚਾਰੇ ਪਾਸਿਆਂ ਤੋਂ ਬੰਦ ਜਿਵੇਂ ਬਹੁਤ ਵਡਾ ਹਾਲ ਉਸਾਰ ਦਿਤਾ ਸੀ। ਸ: ਸੇਵਾ ਸਿੰਘ ਦੀ ਤੰਬੂਆਂ ਵਾਲਿਆਂ ਦੱਸਿਆ ਕਿ ਸਟੇਜ ਵਾਲਾ ਹਿਸਾ ਵਾਟਰ ਪਰੂਫ ਹੈ—ਬਾਰਸ਼ ਆ ਜਾਵੇ ਤਦ ਵੀ ਪਾਣੀ ਅੰਦਰ ਨਹੀਂ ਆਵੇਗਾ।

ਸ: ਸੇਵਾ ਸਿੰਘ ਅਤੇ ਸ: ਰਾਜਾ ਸਿੰਘ ਤੰਬੂਆਂ ਵਾਲੇ ਅਪਣੇ ਲਾਓ ਲਸ਼ਕਰ ਨਾਲ ਡੇਰੇ ਲਾਈ ਬੈਠੇ ਸਨ।

ਖੁਦ ਡਾਕਟਰ ਦਲੀਪ ਸਿੰਘ ਜੀ ਵਾਲੰਟੀਅਰਾਂ ਦਾ ਵਿਸ਼ੇਸ਼ ਜੱਥਾ ਲੈ ਕੇ ਆਏ ਸਨ। ਹਿਦਾਇਤਾਂ ਦਿਤੀਆਂ ਜਾ ਰਹੀਆਂ ਸਨ।

### ਸ਼ੁਭ ਆਰੰਭ

੯ ਤਾਰੀਖ ਨੂੰ ਹੋਲੇ ਦਾ ਸ਼ੁਭ ਆਰੰਭ ਮਹਾਰਾਜ ਬੀਰ ਸਿੰਘ ਜੀ ਦੀ ਅਗਵਾਈ ਵਿਚ ਰਾਗੀਆਂ ਦੇ ਕੀਰਤਨ ਨਾਲ ਪੌਣੇ ਚਾਰ ਵਜੇ ਹੋ ਚੁਕਾ ਸੀ। ਜਦੋਂ



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਪਧਾਰੇ ਤਾਂ ਪੰਜ ਜੈਕਾਰੇ ਛੱਡੇ ਗਏ । ਆਪ ਜੀ ਆਪਣੇ ਸੰਗੀਤ ਦੇ ਸਾਜ਼ਾਂ ਅਤੇ ਸੇਵਕਾਂ ਸਮੇਤ ਸਟੇਜ ਤੇ ਆਏ । ਇਸ ਵਾਰ ਸੰਗਤਾਂ ਨੂੰ ਪ੍ਰੇਮ ਨਾਲ ਨਿਹਾਰਿਆ ਅਤੇ ਫਿਰ ਰਾਗੀਆਂ ਵਲ ਮੁਖ ਕਰਕੇ ਬੈਠ ਗਏ ।

ਇਸ ਵੇਲੇ ਤੇਜ਼ ਰੋਸ਼ਨੀਆਂ ਬੰਦ ਕਰ ਦਿਤੀਆਂ ਗਈਆਂ ।

ਸਤਿਗੁਰੂ ਜੀ ਦੇ ਆਸਨ ਉਤੇ ਝੂਲਦਾ ਮਸ਼ੀਨੀ ਛਤਰ ਵਿਸ਼ੇਸ਼ ਤੌਰ ਤੇ ਬਣਾਇਆ ਗਿਆ ਹੈ । ਇਹ ਘੁਮਦਾ ਹੈ ਹੌਲੀ ਹੌਲੀ । ਬਹੁਤ ਬਾਰੀਕ ਬਲਬਾਂ ਦੀ ਚਮਕ ਇਹੋ ਛਤਰ ਦੇ ਨਾਲ ਘੁਮ ਰਹੀ ਹੈ ਜਿਵੇਂ ਜੁਗਨੂਆਂ ਦੀ ਕਤਾਰ ਹੋਵੇ । ਤੀਹ ਰਾਗੀਆਂ ਦਾ ਜੱਥਾ ਤਿੰਨ ਕਤਾਰਾਂ ਵਿਚ ਬੈਠਾ ਹੈ । ਹਾਰਮੋਨੀਅਮ ਕੋਈ ਨਹੀਂ । ਅਨੇਕਾਂ ਹੀ ਦਿਲਰੁਬਾ ਸਾਜ਼, ਰਾਗੀ ਲੈ ਕੇ ਬੈਠੇ ਹਨ—ਸਾਰੰਗੀ ਹੈ ਤਾਰ ਸ਼ਹਿਨਾਈ ਹੈ ਤਬਲੇ ਦੀਆਂ ਦੋ, ਤਿੰਨ ਜੋੜੀਆਂ ਹਨ, ਸੰਤੂਰ, ਸਰੋਦ ਅਤੇ ਸਿਤਾਰ ਦੀਆਂ ਝਣਕਾਰਾਂ ਪੈ ਰਹੀਆਂ ਹਨ ।

ਸੰਗੀਤ ਦੀ ਸਾਕਾਰ ਮੂਰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਅਪਣੇ ਦਿਲਰੁਬਾ ਬਿੰਦ ਤੇ ਸੋਜ਼ ਵਿਚ ਭਿਜੀ ਆਵਾਜ਼ ਵਿਚ ਸੋਰਠ ਰਾਗ ਵਿਚ ਸ਼ਬਦ ਉਚਾਰਿਆ ਹੈ :

ਪਿਆਰੇ ਇਨ ਬਿਧਿ ਮਿਲਣੁ ਨਾ ਜਾਈ,
ਮੈ ਕੀਏ ਕਰਮ ਅਨੇਕਾ

ਰਾਗੀਆਂ ਦੀ ਮਿਲਵੀਂ ਹੂਕ ਨੇ ਇਨ ਬਿਧਿ ਮਿਲਣੁ ਨਾ ਜਾਈ ਦਾ ਤਰਲਾ ਲਿਆ ਹੈ ।

ਸਤਿਗੁਰੂ ਜੀ ਦੇ ਕੰਠ ਤੋਂ ਸ਼ਬਦ ਦਾ ਉਚਾਰਨ ਹੋ ਰਿਹਾ ਹੈ । ਗੁਰੂ ਅਰਜਨ ਦੇਵ ਜੀ ਦੀ ਬਾਣੀ ਹੈ :

"ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ

... ... ...

ਪਿਆਰੇ ਇਨ ਬਿਧਿ ਮਿਲਣੁ ਨਾ ਜਾਈ

ਸ਼ਬਦ ਦਸ ਰਿਹਾ ਹੈ ਕਿ ਪ੍ਰਭੂ ਮਿਲਣ ਵਾਸਤੇ ਕਈ ਕਰਮ ਕੀਤੇ ਸਭ ਨਿਸਫਲ ਗਏ ਹਨ । ਤੀਰਥ, ਪੂਜਾ ਅਰਚਾ, ਬੰਦਨ ਡੰਡਉਤਿ, ਖਟੁ ਕਰਮ, ਜੋਗ ਸਿਧ ਆਸਣ, ਬੈਰਾਗੀ ਰਾਜ ਲੀਲਾ, ਸੁੰਦਰੀਆਂ ਸੇਜਾਂ ਸਭ ਕੁਝ ਨਿਸਫਲ ਗਿਣਕੇ ਅੰਤਲੀਆਂ ਤੁਕਾਂ ਗੂੰਜਦੀਆਂ ਹਨ :

ਹਰਿ ਕੀਰਤਿ ਸਾਧ ਸੰਗਤਿ ਹੈ, ਸਿਰ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ,
ਜਿਸੁ ਪੁਰਬ ਲਿਖੇ ਕਾ ਲਹਨਾ
ਤੇਰੋ ਸੇਵਕੁ ਇਹ ਰੰਗਿ ਮਾਤਾ
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ,
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥

ਸਤਿਗੁਰੂ ਜੀ ਨੂੰ ਮਸਤਕ ਨਿਵਾਉਣ ਵਾਲੀਆਂ ਸੰਗਤਾਂ ਇਕ ਖਾਮੋਸ਼ੀ ਨਾਲ ਪਾਸਿਆਂ ਤੋਂ ਆ ਰਹੀਆਂ ਹਨ ਅਤੇ ਮਥਾ ਟੇਕ ਵਿਸ਼ਾਲ ਪੰਡਾਲ ਵਿਚ ਥਾਉਂ ਥਾਈਂ ਬੈਠ ਰਹੀਆਂ ਹਨ । ਪਰਬੰਧ ਇਵੇਂ ਦਾ ਕੀਤਾ ਹੈ ਕਿ ਮਥਾ ਟੇਕਣ ਵਾਲੇ ਸਟੇਜ ਅਤੇ ਸੰਗਤਾਂ ਦੇ ਦਰਮਿਆਨ ਦ੍ਰਿਸ਼ ਨੂੰ ਰੋਕਦੇ ਨਹੀਂ । ਜਿਵੇਂ ਜੀਉ ਦੇ ਸਰੀਰ ਵਿਚ ਖੂਨ ਆਪੋ ਆਪਣੀ ਨਾੜੀ ਵਿਚ ਘੁਮਦਾ ਹੈ ਇਵੇਂ ਹੀ ਸੰਗਤਾਂ, ਸਿੰਘ, ਬੀਬੀਆਂ, ਵਿਸ਼ੇਸ਼ ਪ੍ਰਾਹੁਣੇ ਆਦਿ ਆਪੋ ਆਪਣੇ ਦੁੱਕਰ ਅਤੇ ਰਾਹੀ ਨਾਲ ਚੁਪ ਚੁਪੀਤੇ ਮਥਾ ਟੇਕ ਟੇਕ ਸਥਾਨ ਗ੍ਰਹਿਣ ਕਰੀ ਜਾ ਰਹੇ ਹਨ । ਸਪੀਕਰਾਂ ਦਾ ਬਹੁਤ ਸੂਖਮ ਸਿਸਟਮ ਵਿਆਪਕ ਪੱਧਰ ਤੇ ਹਰ ਕੋਨੇ ਅਤੇ ਹਰ ਦਿਸ਼ਾ ਵਿਚ ਕੀਰਤਨ ਦੀਆਂ ਬਾਰੀਕ ਤੋਂ ਬਾਰੀਕ ਸੁਖਮਤਾਈਆਂ ਨੂੰ ਪਹੁੰਚਾ ਰਿਹਾ ਹੈ । ਅੱਖਾਂ ਨਾਲ ਸਤਿਗੁਰੂ ਦਰਸ਼ਨ ਅਤੇ ਕੰਨਾਂ ਵਿਚ ਗੁਰਬਾਣੀ ਦਾ ਕੀਰਤਨ ਅਤੇ ਰਸਨਾ ਉਪਰ ਭਜਨ । ਕੇਸਾਂ ਸਮੇਤ ਇਸ਼ਨਾਨ ਕਰਕੇ ਸ਼ਵੇਤਧਾਰੀ ਨਾਮਧਾਰੀ ਸੰਗਤਾਂ ਹੱਥਾਂ ਵਿਚ ਮਾਲਾ ਫੇਰਦੀਆਂ ਸਾਖਿਆਤ ਸਤਿਜੁਗ ਸਥਾਪਤ ਕਰ ਰਹੀਆਂ ਹਨ ।

ਆਸਾ ਦੀ ਵਾਰ ਵਿਚ ਮੁੜ ਸਤਿਗੁਰੂ ਜੀ ਨੇ ਸ਼ਬਦ ਪੜ੍ਹਿਆ ਹੈ ।

ਅਬ ਹਮ ਚਲੀ ਠਾਕੁਰ ਪਹਿ ਹਾਰਿ
ਜਬ ਹਮ ਸਰਣਿ ਪ੍ਰਭੂ ਕੀ ਆਈ,
ਰਾਖੁ ਪ੍ਰਭੂ ਭਾਵੈ ਮਾਰਿ ॥

ਆਸਾ ਦੀ ਵਾਰ ਪਉੜੀ ਬਹੁਤ ਸ਼ਤਾਲ ਦੇ ਲੈਅ ਵਿਚ ਪੜ੍ਹੀ ਜਾ ਰਹੀ ਹੈ । ਸ਼ਬਦ ਦੇ ਅਖਰਾਂ, ਲਗਾਂ, ਮਾਤਰਾਵਾਂ ਨੂੰ ਬਹੁਤ ਨਿਖਾਰ ਨਿਖਾਰ ਕੇ ਉਚਾਰਿਆ ਜਾ ਰਿਹਾ ਹੈ ਜੇ । ਜ਼ਰਾ ਕੁ ਵੀ ਫਰਕ ਹੋਵੇ ਤਾਂ ਗੁਰੂ ਜੀ ਵਲੋਂ ਝੱਟ ਸੰਸ਼ੋਧਨ ਕੀਤਾ ਜਾਂਦਾ ਹੈ । ਸਿਧ ਹਸਤ ਤਬਲਾ ਵਾਦਕ ਸੰਤ ਖਜਾਨ ਸਿੰਘ ਦੀਆਂ ਅਤੇ ਬੀਰ ਬਾਪਾਂ ਸੁਖਵਿੰਦਰ ਪਿੰਕੀ ਦੀ ਬਨਾਰਸੀ-ਪੰਜਾਬੀ ਬਾਜ ਦੀਆਂ ਥਿਰਕਣਾਂ ਤੇ ਡੂੰਗੀ ਦੀਆਂ ਗੂੰਜਾਂ,



Sri Satguru Jagjit Singh Ji eLibrary NamdhariElibrary@gmail.com

ਗੁਰਚੇਤ ਸਿੰਘ ਦੀ ਸਰੋਦ ਦੀ ਝਣਕਾਰਾਂ ਹਰਿਭਜਨ ਸਿੰਘ ਦੀ ਸਿਤਾਰ ਦੀਆਂ ਸਿਸਕਣੀਆਂ, ਹਰਬੰਸ ਸਿੰਘ ਦਾ ਖੁਲ੍ਹਾ ਗਲਾ ਬਲਜੀਤ ਸਿੰਘ ਦੀ ਤਾਰ ਸ਼ਹਿਨਾਈ ਅਤੇ ਮਧੁਰ ਕੰਠ, ਸੁਖਦੇਵ ਸਿੰਘ ਮੋਹਨ ਸਿੰਘ ਦੇ ਗਲਿਆਂ ਦੀਆਂ ਕਲਾਬਾਜ਼ੀ ਸਰਗਮਾਂ ਸਤਿਗੁਰੂ ਜੀ ਅਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਪਰਮਾਨ ਅਮ੍ਰਿਤ ਵਿਚ ਭਿਜ ਭਿਜ ਕੇ ਆ ਰਹੇ ਸਨ ।

ਇਹ ਥਾਂ ਸੁਹਾਵਣਾ ਹੋਇਆ ਪਿਆ ਹੈ ਅਤੇ ਉਤੋਂ ਸ਼ਬਦ ਆ ਰਿਹਾ ਹੈ ਆਸਾਂ ਦੀਆਂ ਸੁਰਾਂ ਵਿਚ :

“ਕਹੁ ਨਾਨਕ ਸਤਿਗੁਰ ਬਲਿਹਾਰੀ,
ਜਿਨਿ ਏਹੁ ਥਾਨੁ ਸੁਹਾਇਆ ।”

ਥੋੜੀ ਦੇਰ ਬਾਅਦ ਇਕ ਹੋਰ ਸ਼ਬਦ ਖਮਾਜ ਦੀਆਂ ਸੁਰਾਂ ਵਿਚ :

“ਜਿਨਿ ਮੈਡਾ ਲਾਲੁ ਰੀਝਾਇਆ,
ਹਉ ਤਿਸੁ ਆਗੈ ਮਨੁ ਡੇਂਹੀਆ”

ਅਤੇ ਇਸ ਸ਼ਬਦ ਦੇ ਨਾਲ ਇਕ ਤੋਂ ਇਕ ਚੜ੍ਹ ਕੇ ਰਾਗੀ ਘ੍ਰਾਣ ਦੇ ਰਹੇ ਸਨ ਤਾਂ ਇਹ ਤੁਕ ਇਸੇ ਸ਼ਬਦ ਦੀ ਆਈ :

ਯਾਰ ਵੇ ਇਕ ਡੂੰ ਇਕਿ ਚਾੜੈ
ਹਉ ਕਿਸੁ ਚਿਤੇ ਚੀਆ

(ਇਕ ਤੋਂ ਇਕ ਚੜ੍ਹਦੀਆਂ ਹਨ ਮੈਂ ਕਿਸ ਦੇ ਚੇਤੇ ਆ ਸਕਦੀ ਹਾਂ)

ਠੀਕ ਹੀ ਇਸ ਵੇਲੇ ਕੀਰਤਨ ਕਲਾਕਾਰਾਂ ਵਿਚ ਇਕ ਤੋਂ ਇਕ ਚੜ੍ਹਦਾ ਸੀ । ਆਸਾ ਦੀ ਵਾਰ ਦੇ ਅੰਤ ਉਤੇ ਬਸੰਤ ਦੇ ਸ਼ਬਦ ਅਤੇ ਬਸੰਤ ਦੀ ਪੌੜੀ ਦਾ ਗਾਇਨ ਹੋਇਆ ਅਤੇ ਅਰਦਾਸ ਹੋਈ—ਹੋਲੇ ਦਾ ਸ਼ੁਭਾਰੰਭ ਹੋ ਚੁਕਾ ਸੀ ।

## ਸ੍ਰੀ ਮਹਾਰਾਜ ਬੀਰ ਸਿੰਘ ਜੀ ਦਾ ਭਾਸ਼ਨ

ਅਰਦਾਸ ਬਾਅਦ ਸ੍ਰੀ ਮਹਾਰਾਜ ਬੀਰ ਸਿੰਘ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਫੁਰਮਾਇਆ ।

...“ਹੋਲੇ ਦਾ ਆਰੰਭ ਸਿੱਖ ਪੰਥ ਵਿਚ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਨੇ ਕੀਤਾ । ਸਮੇਂ ਦੀ ਲੋੜ ਅਨੁਸਾਰ ਜੋ ਰੂਪ ਮੁਨਾਸਬ ਸਮਝਿਆ ਉਹ ਹੋਲੇ ਨੂੰ ਦਿਤਾ । ਸਿੰਘਾਂ ਦੀ ਜੰਗੀ ਯੋਗਤਾ ਵੇਖਣ ਪਰਖਣ ਲਈ ਮਸਨੂਈ ਜੰਗਾਂ ਦੇ ਕਰਤਬ ਕੀਤੇ ਜਾਂਦੇ ਰਹੇ ।

ਹੋਲੇ ਦਾ ਵਰਤਮਾਨ ਰੂਪ ਸਤਿਗੁਰੂ ਰਾਮ ਸਿੰਘ ਜੀ ਦੀ ਦੇਣ ਹੈ । ਸਤਿਗੁਰੂ ਰਾਮ ਸਿੰਘ ਜੀ ਨੇ ਕਈ ਹੋਲੇ ਕੀਤੇ । ਦੋ ਵਾਰ ਸ੍ਰੀ ਅਨੰਦਪੁਰ ਸਾਹਿਬ ਹੋਲੇ ਕੀਤੇ । ਸਤਿਗੁਰੂ ਜੀ ਦੇ ਪਹਿਲੇ ਅਨੰਦਪੁਰ ਹੋਲੇ ਮਹੱਲੇ ਸਮੇਂ ਪੰਜੀ ਹਜ਼ਾਰ ਸਿੰਘ ਨਾਲ ਸੀ । ਸਤਿਗੁਰੂ ਜੀ ਦੇ ਹੱਥ ਦੇ ਇਕ ਇਸ਼ਾਰੇ ਨਾਲ ਸਾਰੀ ਸੰਗਤ ਸਮੂਹ ਇਕ ਥਾਂ ਖਲੋ ਜਾਵੇ । ਇਹ ਡਸਿਪਲਿਨ ਦੀ ਇਕ ਝਾਕੀ ਸੀ । ਸਾਨੂੰ ਸਤਿਗੁਰੂ ਜੀ ਦੀ ਦੇਣ ਦਾ ਅਹਿਸਾਸ ਹੋਣਾ ਚਾਹੀਦਾ ਹੈ ।...ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰੋ ਕਿ ਜੋ ਸਾਡੀਆਂ ਸਿਫਤਾਂ ਲੋਗ ਕਰਦੇ ਹਨ ਅਸੀਂ ਉਹਨਾਂ ਦੇ ਯੋਗ ਹੋ ਸਕੀਏ ।...

ਸਾਧ ਸੰਗਤ ਹੋਲੇ ਦੇ ਦਿਨਾਂ ਵਿਚ ਕਥਾ ਕੀਰਤਨ ਸਰਵਨ ਕਰੇ ਜਾਂ ਸੇਵਾ ਕਰੇ । ਸਭ ਕੁਝ ਕਰਦੇ ਭਜਨ ਕਰਦੇ ਰਹੋ ਅਤੇ ਰਸਨਾ ਵਿਹਲੀ ਨਾ ਰਹੇ ।...ਸਤਿਗੁਰੂ ਜੀ ਦੇ ਨਿਕਟ ਵਾਲੀ ਅਸਲ ਜਗ੍ਹਾ ਸਟੇਜ ਤੇ ਨਹੀਂ ਸਗੋਂ ਸਤਿਗੁਰਾਂ ਦੇ ਹਿਰਦੇ ਵਿਚ ਹੈ ਅਤੇ ਉਹਨੂੰ ਮਿਲਦੀ ਹੈ ਜਿਸਨੇ ਬਚਨ ਮੰਨਣਾ ਹੈ । ਸਭ ਕੁਝ ਕਰਕੇ ਵੀ ਆਸਾ ਦੀ ਵਾਰ ਦੀਆਂ ਇਹ ਤੁਕਾਂ ਯਾਦ ਰਖਣੀਆਂ ਚਾਹੀਦੀਆਂ ਹਨ :

“ਜੇ ਲੋੜਹਿ ਚੰਗਾ ਆਪਣਾ
ਕਰਿ ਪੁੰਨਹੁ ਨੀਚੁ ਸਦਾਈਐ”

......

ਭਉ ਭਗਤਿ ਕਰਿ ਨੀਚੁ ਸਦਾਏ
ਤਉ ਨਾਨਕ ਮੋਖੰਤਰੁ ਪਾਏ”

ਅੱਜ ਰਾਜਨੀਤਕ ਵਿਚਾਰਾਂ ਵਾਲੇ ਸਜਣ ਧਾਰਮਕ ਸਟੇਜਾਂ ਤੇ ਵੀ ਰਾਜਨੀਤਕ ਗੱਲਾਂ ਹੀ ਕਰਦੇ ਹਨ । ਸਰਹੰਦ ਵਿਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਮੇਲੇ ਤੇ ਵੀ ਰਾਜਨੀਤੀ ਦੀਆਂ ਗੱਲਾਂ ਹੀ ਹੁੰਦੀਆਂ ਹਨ ਜਦੋਂ ਕਿ ਉਹ ਇਕ ਬਹੁਤ ਗੰਭੀਰ ਸਮਾਂ ਹੁੰਦਾ ਹੈ । ਧਰਮ ਦੀ ਘਾਟ ਹੋ ਰਹੀ ਹੈ... ਕਲਿਜੁਗ ਵਿਚ ਧਰਮ ਦਾ ਇਕ ਪੈਰ ਅਜੇ ਕਾਇਮ ਹੈ ਭਾਵ ਅੰਸ਼ ਮਾਤਰ ਹੈ ਬਾਕੀ ਥੀਣ ਚਰਨ ਵਾਸਤੇ ਕੂੜ ਹੈ । ਕੂੜ ਬੋਲਣਾ ਗੁਨਾਹ ਬਣ ਗਿਆ ਹੈ ।...ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰੋ ਕਿ ਸਿੱਖੀ ਵਾਲੀ ਗੱਲ ਮਨ ਵਿਚ ਆਵੇ ਅਤੇ ਹੋਲਾ ਨਿਰਵਿਘਨ ਸਮਾਪਤ ਹੋਵੇ ।

## ਪ੍ਰੀਤਮ ਸਿੰਘ ਕਵੀ

ਹੋਲੇ ਦੇ ਸਮਾਗਮ ਦੇ ਵੱਖ ਵੱਖ ਪ੍ਰੋਗਰਾਮਾਂ ਦਾ ਐਲਾਨ ਕਰਨ ਵਾਲੇ ਵਿਸ਼ੇਸ਼ ਸਕੱਤਰ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਸਨ । ਉਹਨਾਂ ਪ੍ਰੋਗਰਾਮ ਸੁਣਾਇਆ ਕਿ ਅੱਜ ਇਹ ਕਾਰਜ ਕਰਮ ਹੋਵੇਗਾ :

੯ ਤੋਂ ੧.੪੫ ਤੱਕ ਹੋਲੇ ਦੇ ਦੀਵਾਨ
੨ ਤੋਂ ੩.੦੦ ,, ਨਾਮ ਸਿਮਰਨ



Sri Satguru Jagjit Singh Ji eLibrary NamdhariElibrary@gmail.com

੩ ਤੋਂ ੪.੦੦ ,, ਹਜ਼ੂਰੀ ਕੀਰਤਨ
੪ ਤੋਂ ੫.੩੦ ,, ਵਿਸ਼ੇਸ਼ ਸਮਾਗਮ

ਹੱਲੇ ਦੇ ਦੀਵਾਨ ਦਾ ਵੇਰਵਾ ਇਵੇਂ ਸੀ :

੯ ਤੋਂ ੧੦.੩੦ ਸੰਤ ਭਗਵਾਨ ਸਿੰਘ ਸ਼ੇਰ ਸਿੰਘ ਕਤੋਲਿਆਂ ਵਾਲੀ ਵਾਲੇ
੧੦.੩੦ ਤੋਂ ੧੧.੩੦ ਸੰਤ ਗੁਰਬਚਨ ਸਿੰਘ ਸੇਤ ਨਗਰ
੧੧.੩੦ ਤੋਂ ੧੨.੧੫ ਗੁਰਦੀਪ ਸਿੰਘ ਭੈਣੀ ਸਾਹਿਬ
੧੨.੧੫ ਤੋਂ ੧.੪੫ ਪੰਡਿਤ ਹਰਭਜਨ ਸਿੰਘ ਭਲਾ ਵਾਲੇ

ਅਨੰਦ ਕਾਰਜਾਂ ਦੇ ਇਨਚਾਰਜ :

ਮਹੰਤ ਆਤਮਾ ਸਿੰਘ ਜਨਪਤਹਵੀ ਐਡੀਟਰ ਸਤਿਜੁਗ ਅਤੇ ਸੰਤ ਸਤਿਨਾਮ ਸਿੰਘ ਰਮੇਸ਼ ਨਗਰ ਦਿੱਲੀ ਐਲਾਨੇ ਗਏ।

ਸਾਰਾ ਦਿਨ ਇਵੇਂ ਸਿਲਸਿਲੇਵਾਰ ਦੀਵਾਨ ਸਜਦੇ ਰਹੇ। ਦੀਵਾਨ ਅਸਥਾਨ ਤੋਂ ਬਾਹਰ ਇਕ ਸਾਤਵਿਕ ਮੇਲੇ ਦਾ ਬਹੁਤ ਸੁਖਾਵਾਂ ਪ੍ਰਭਾਵ ਸੀ। ਮਾਰਚ ਮਹੀਨੇ ਦੀ ਮਿੱਠੀ ਮਿੱਠੀ ਧੁਪ ਵਿਚ ਸਤਿਗੁਰੂ ਰਾਮ ਸਿੰਘ ਨਗਰ ਚਮਕ ਰਿਹਾ ਸੀ। ਰਿੰਗ ਰੋਡ ਤੇ ਮੁਖ ਦੁਆਰ ਤੇ ਐਲਮੀਨੀਅਮ ਦਾ ਸੁੰਦਰ ਪਰਵੇਸ਼ ਦੁਆਰ ਸੀ ਜਿਸ ਤੇ ਚਿੱਟਾ ਪਰਚਮ ਝੂਲ ਰਿਹਾ ਸੀ। ਅਗੇ ਸ਼ਾਮਿਆਨੇ ਨਾਲ ਇਕ ਡਿਊੜੀ ਦੀ ਸ਼ਕਲ ਦਿਤੀ ਗਈ ਸੀ। ਚੌੜੇ ਤੇ ਸੰਗਮਰਮਰ ਪਹੁੰਚ ਮਾਰਗ ਨੂੰ ਲਾਲ ਮਿੱਟੀ ਪਾਕੇ ਸਜਾਇਆ ਸੀ। ਖੱਬੇ ਪਾਸੇ ਸ਼ੁਰੂ ਵਿਚ ਸਾਈਕਲ ਸਕੂਟਰ ਪਾਰਕ ਸੀ—ਅਗੇ ਖਬੇ ਹੱਥ ਲੰਮੀਆਂ ਕਤਾਰਾਂ ਵਿਚ ਲਗੇ ਸਟਾਲਾਂ ਤੇ ਦਰਸ਼ਕਾਂ ਦੀ ਭੀੜ ਸੀ। ਸਜੇ ਪਾਸੇ ਇਕ ਸੁਹੱਪਣ ਥਾਂ ਤੇ ਨਾਮਧਾਰੀ ਚਿਤਰ ਪ੍ਰਦਰਸ਼ਨੀ ਸੀ।

## ਚਿਤ੍ਰ ਪ੍ਰਦਰਸ਼ਨੀ

ਇਸ ਵਾਰ ਇਸ ਪ੍ਰਦਰਸ਼ਨੀ ਨੇ ਇਕ ਬਹੁਤ ਉਜਲਾ ਤੇ ਨਿਖਰਿਆ ਪ੍ਰਭਾਵ ਪਾਇਆ। ਕਾਰਨ ਇਹ ਸੀ ਕਿ ਠਾਕਰ ਦਲੀਪ ਸਿੰਘ ਜੀ ਦੀ ਮੇਹਨਤ ਨੇ ਇਕ ਤਾਜ਼ਗੀ ਬਖਸ਼ੀ ਸੀ ਅਤੇ ਕਲਾ ਪੱਖ ਬਹੁਤ ਉਜਾਗਰ ਸੀ। ਭਾਵੇਂ ਤਸਵੀਰਾਂ ਇਤਿਹਾਸਕ ਤਾਂ ਸਨ ਹੀ ਪਰ ਠਾਕਰ ਜੀ ਦੀ ਸਜੀਵ ਫੋਟੋਗਰਾਫੀ ਨੇ ਨਾਮਧਾਰੀਆਂ ਦੇ ਇਤਿਹਾਸ ਦੇ ਸਭਿਆਚਾਰਕ ਪੱਖ ਨੂੰ ਨਵੇਂ ਕੋਨਾਂ ਤੋਂ ਪੇਸ਼ ਕੀਤਾ ਸੀ। ਪਹਿਲੀਆਂ ਤਸਵੀਰਾਂ ਦੀਆਂ ਇਨਲਾਰਜਮੈਂਟਾਂ ਵੀ ਨਵੇਂ ਕੋਨ ਤੋਂ ਸਨ ਅਤੇ ਉਹਨਾਂ ਦਾ ਫ਼ਿਨਿਸ਼ ਵੀ ਕਲਾਮਈ ਸੀ। ਚੰਨ ਦੀ ਚਾਨਣੀ ਵਿਚ ਤਲਾਬ ਖੂਹ ਤੋਂ ਗੜਵੇ ਨਾਲ ਇਸ਼ਨਾਨ ਕਰਦਾ ਸਿੰਘ, ਸੂਰਜ ਦੀ ਟਿੱਕੀ ਦੇ ਨਾਲ ਚੰਡੀ ਦੀ ਵਾਰ ਦੀ ਸਮਾਪਤੀ ਤੇ ਗੁਟਕੇ ਤੋਂ ਪਾਠ ਕਰ ਰਿਹਾ ਸਿੰਘ। ਸਿਮ੍ਰਤੀ ਮੰਦਰ ਦੀ ਸੇਵਾ ਵਿਚ ਸਿਰ ਤੇ ਟੋਕਰਾ ਚੁਕੀ ਜਾ ਰਹੇ ਜਗਤਮਾਤਾ ਚੰਦ ਕੌਰ ਜੀ। ਜੇਵਲਿਨ ਸੁਟ ਰਿਹਾ ਨਾਮਧਾਰੀ ਐਥਲੀਟ, ਹਾਕੀ ਦੇ ਮੈਚ ਵਿਚ ਜੂਝਦਾ ਨਿਰਭੂ ਖਿਲਾੜੀ ਅਤੇ ਹੋਰ ਤਸਵੀਰਾਂ ਅਜੂਬੀ ਕਲਾ ਕ੍ਰਿਤੀਆਂ ਸਨ। ਪੁਰਾਣੀਆਂ ਫੋਟੋਆਂ ਦੇ ਨਵੇਂ ਪ੍ਰਿੰਟ ਵੀ ਬਹੁਤ ਸਜੀਲੇ ਸਨ। ਸੰਹਲੇ ਵਿਚ ਬਹੁਤ ਕੁਝ ਸਮੋਇਆ ਸੀ। ਜੇ ਘਾਟ ਕੁਝ ਖਟਕਦੀ ਤਾਂ ਇਹ ਹੀ ਸੀ ਕਿ ਨਾਮਧਾਰੀਆਂ ਦੀਆਂ ਸਾਹਿਤਕ ਖੇਤਰ ਨਾਲ ਸਬੰਧਤ ਤਸਵੀਰਾਂ ਦੀ ਅਣਹੋਂਦ ਸੀ। ਪਰ ਇਹ ਘਾਟ ਸਾਰਿਆਂ ਦਰਸ਼ਕਾਂ ਨੂੰ ਨਹੀਂ ਸੀ ਲਗਦੀ। ਸਮੁਚੇ ਰੂਪ ਵਿਚ ਇਹ ਪ੍ਰਦਰਸ਼ਨੀ ਮੇਲੇ ਦਾ ਇਕ ਮੁਖ ਆਕਰਸ਼ਨ ਸੀ।

## ਵਿਉਂਤਬੰਦੀ

ਦਿੱਲੀ ਦੇ ਹੋਲੇ ਦੀ ਇਕ ਵਿਸ਼ੇਸ਼ਤਾ ਇਹ ਸੀ ਕਿ ਹਰ ਕੰਮ ਇਕ ਸਲੀਕੇ ਨਾਲ ਅਤੇ ਜੁਗਤ ਨਾਲ ਕੀਤਾ ਗਿਆ ਸੀ। ਜ਼ਾਹਰ ਹੈ ਕਿ ਇਸ ਪਿਛੇ ਬਹੁਤ ਵਿਉਂਤਬੰਦੀ ਅਤੇ ਮਿਹਨਤ ਲਗੀ ਹਵੇਗੀ।

ਦੀਵਾਨ ਪੰਡਾਲ ਤਾਂ ਪਹਿਲੇ ਦਿਨ ਹੀ ਭਰਪੂਰ ਸੀ। ਬਾਹਰ ਸਟਾਲਾਂ ਉਤੇ ਪ੍ਰਦਰਸ਼ਨੀ ਵਿਚ ਅਤੇ ਲੰਗਰ ਵਿਚ ਵੀ ਸੰਗਤਾਂ ਵਿਚਰ ਰਹੀਆਂ ਸਨ। ਅਤੇ ਕੁਝ ਦਿਲੀ ਦਰਸ਼ਨ ਨੂੰ ਵੀ ਗਈਆਂ ਹੋਣਗੀਆਂ।

## ਨਾਮ ਸਿਮਰਨ

ਨਾਮ ਸਿਮਰਨ ਦੇ ਵੇਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਭਰਵੀਂ ਟੇਪ ਆਵਾਜ਼ 'ਚ ਸਤਿਗੁਰੂ ਬਾਰੇ ਕਥਾ ਚਲ ਰਹੀ ਸੀ। ਜਦੋਂ ਸਤਿਗੁਰਾਂ ਦੀ ਆਵਾਜ਼ ਵਿਚ ਕਿਹਾ ਗਿਆ ਕਿ ਸਤਿਗੁਰ ਸਭਨਾਂ ਦਾ ਭਲਾ ਮਨਾ ਦਿੰਦਾ ਹਾਂ ਇਕ ਮਸਕਾਨੇ ਨੇ ਜ਼ੋਰ ਦੀ ਕਿਲਕਾਰੀ ਮਾਰੀ। ਨਾਮ ਸਿਮਰਨ ਦੀ ਖਾਮੋਸ਼ੀ ਵਿਚ ਹੀ ਹਜ਼ਾਰਾਂ ਦੀਆਂ ਪਾਲਾਂ ਦੋਹਾਂ ਪਾਸਿਆਂ ਤੋਂ ਆਕੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਰਧਾ ਪੂਰਬਕ ਨਮਸ਼ਕਾਰਾਂ ਕਰਕੇ ਸੰਗਤ ਵਿਚ ਇਵੇਂ ਲੀਨ ਹੁੰਦੀਆਂ ਜਾ ਰਹੀਆਂ ਸਨ ਜਿਵੇਂ ਨਦੀਆਂ ਸਮੁੰਦਰ ਵਿਚ। ਸੰਗਤਾਂ ਦੂਰ ਦਰਾਜ਼ ਤੋਂ ਅਤੇ ਵਿਦੇਸ਼ਾਂ : ਇੰਗਲੈਂਡ, ਅਫਰੀਕਾ, ਜਰਮਨੀ, ਥਾਈਲੈਂਡ ਆਦਿ ਤੋਂ ਵੀ ਆਈਆਂ ਸਨ। ਇਕ ਮਾਈ ਨੂੰ ਦਿਸਦਾ ਘੱਟ ਸੀ। ਉਸ ਨੇ ਪੁਛ ਪੁਛਾ ਕੇ ਸੇਵਕਾਂ ਕੋਲੋਂ ਜਦੋਂ ਨਿਸ਼ਚਾ ਕਰ ਲਈ ਕਿ ਸਤਿਗੁਰੂ ਜੀ ਇਹ ਹੀ ਹਨ ਤਦ ਹੀ ਉਸ ਮੱਥਾ ਟੇਕਿਆ।

(ਬਾਕੀ ਸਫਾ ੨੧ ਤੇ)



Sri Satguru Jagjit Singh Ji eLibrary NamdhariElibrary@gmail.com

# ''ਜੰਗਲ ਦਾ ਸਫਰ''

—ਤਰਲੋਕ ਮਨਸੂਰ—

ਜ਼ਿੰਦਗੀ ਵਿਚ ਮੈਨੂੰ ਇਕ ਮਨੋਵਿਗਿਆਨਕ ਸੱਚ ਦਾ ਅਨੁਭਵ ਹੋਇਆ ਹੈ । ੧੯੪੦ ਵਿਚ ਅਸੀਂ ਤੀਹ ਮੁੰਡੇ ਇਕੱਠੇ ਫ਼ੌਜ ਵਿਚ ਭਰਤੀ ਹੋਏ ਸਾਂ । ਇਕੱਠਿਆਂ ਇਕਸੇ ਸਕਾਡ ਵਿਚ ਟਰੇਨਿੰਗ ਕੀਤੀ ਸੀ, ਤੇ ਫਿਰ ਆਪੋ ਆਪਣੀ ਡਿਊਟੀ ਬਜਾਣ ਲਈ ਵੱਖੋ ਵੱਖ ਯੂਨਿਟਾਂ ਵਿਚ ਚਲੇ ਗਏ ਸਾਂ ।

੧੯੯੦ ਵਿਚ ਇਕ ਇਕਾਂਤ ਵਿਚ ਬੈਠਿਆਂ ਜਦ ਮੈਂ ਉਹਨਾਂ ਸਾਥੀਆਂ ਬਾਰੇ ਸੋਚਣਾ ਸ਼ੁਰੂ ਕੀਤਾ ਤਾਂ ਪਤਾ ਲਗਾ ਕਿ ਉਹਨਾਂ ਵਿਚੋਂ ੨੬ ਪੈਨਸ਼ਨ ਪਾ ਚੁਕੇ ਸਨ ਤੇ ਮਗਰ ਅਸੀਂ ਚਾਰ ਰਹੇ ਗਏ ਸਾਂ । ਜਦੋਂ ਇਹਨਾਂ 'ਚੋਂ ਵੀ ਇਕ ਇਕ ਕਰਕੇ ਪੈਨਸ਼ਨ ਜਾਣੇ ਸ਼ੁਰੂ ਹੋਏ, ਤਾਂ ਮੈਨੂੰ ਇਕ ਤਰ੍ਹਾਂ ਦੇ ਇਕਲੇ ਰਹਿ ਜਾਣ ਦੇ ਅਹਿਸਾਸ ਦਾ ਡਰ ਘੇਰਨ ਲਗ ਪਿਆ । ਆਖ਼ੀਰ ਉਹ ਵਕਤ ਵੀ ਆਇਆ ਕਿ ਉਹਨਾਂ ਤੀਹਾਂ ਵਿਚੋਂ ਮੈਂ ਇਕਲਾ ਹੀ ਰਹਿ ਗਿਆ । ਇਕ ਇਕਲਾਪਾ, ਇਕ ਉਦਾਸੀ, ਮੈਂ ਇਕਲਾ ਰਹਿ ਗਿਆ ਹਾਂ, ਭੇਅ, ਸਹਿਮ ਜਿਹਾ, ਮੈਂ ਇਕਲਾ...ਬਾਕੀ ਸਭ ਟੁਰ ਗਏ, ਮੈਂ ਇਕਲਾ ।

ਸ਼ਾਇਦ ਇਹੁ ਜਿਹਾ ਹੀ ਇਕਲਾਪੇ ਦਾ ਅਹਿਸਾਸ ਮਨੁੱਖ ਅੰਦਰ ਵਡੇਰੀ ਹੁੰਦੀ ਉਮਰ ਨਾਲ ਉਦੋਂ ਜਾਗਦਾ ਹੈ, ਜਦੋਂ ਉਹ ਨਿਤ ਆਪਣੇ ਹਮ-ਉਮਰ ਸਾਥੀਆਂ ਸਨੇਹੀਆਂ ਦੇ ਅਕਾਲ ਚਲਾਣੇ ਦੀਆਂ ਖ਼ਬਰਾਂ ਸੁਣਨ ਲਗ ਪੈਂਦਾ ਹੈ । ਅਜੇਹੀਆਂ ਖ਼ਬਰਾਂ, ਰੇਡੀਓ ਉਤੇ, ਅਖ਼ਬਾਰਾਂ ਵਿਚ, ਸਨੇਹੀਆਂ ਰਾਹੀਂ ਮੈਨੂੰ ਵੀ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ । ਅਜੇਹੇ ਮੌਕੇ ਇਕ ਘੋਰ ਉਦਾਸੀ ਇਕ ਡਰ ਜਿਹਾ ਮੇਰਾ ਅੰਦਰ ਮਲ ਬਹਿੰਦਾ ਹੈ ।

ਜਿਥੇ ਮੈਂ ਰਹਿੰਦਾ ਹਾਂ, ਏਥੇ ਮੇਰੇ ਖੇਤਾਂ ਦੇ ਨਾਲ ਲਗਦਾ 'ਜਿਮ ਕਾਰਬਟ ਨੈਸ਼ਨਲ ਪਾਰਕ'' ਨਾਂਅ ਦਾ ਜੰਗਲ ਹੈ । ਮਨ ਤੇ ਛਾਏ ਇਸ ਬੇ-ਨਕਸ਼ ਭੇਅ ਤੋਂ ਮੁਕਤ ਹੋਣ ਲਈ ਮੈਂ ਜੰਗਲ ਦੀ ਸ਼ਰਨ ਲੈਂਦਾ ਹਾਂ । ਪਰ ਸਫਲ ਨਹੀਂ ਹੁੰਦਾ । ਜੰਗਲ ਦੀ ਚੁਪ ਇਸ ਉਦਾਸੀ ਨੂੰ ਹੋਰ ਗਹਿਰਿਆ ਕਰ ਦੇਂਦੀ ਹੈ । ਮੇਰਾ ਆਪਾ ਮੇਰੇ ਸਨਮੁਖ ਹੋ ਕੇ ਤਰ੍ਹਾਂ ਤਰ੍ਹਾਂ ਦੇ ਸਵਾਲ ਕਰਦਾ ਹੈ । ਮਿਤਰਾਂ ਪਿਆਰਿਆਂ ਵਲੋਂ ਅਪਨਾਏ ਗਏ ਖ਼ੁਸ਼ਕ ਵਤੀਰੇ ਦੇ ਗਿਲੇ ਕਰਦਾ ਹੈ । ਜ਼ਿੰਦਗੀ ਵਿਚ ਹੰਢਾਏ ਕੌੜੇ ਸਚ ਸਾਕਾਰ ਹੋ ਜਾਂਦੇ ਹਨ । ਲਗਦਾ ਹੈ ਘੋਰ-ਉਦਾਸੀ ਦਾ ਜਾਮ ਚੁਕ ਕੇ ਪੀ ਗਿਆ ਹਾਂ ਤੇ ਆਲਾ ਦੁਆਲਾ ਸਾਰਾ ਨਿਰਾਰਥਕ ਹੋ ਕੇ ਰਹਿ ਜਾਂਦਾ ਹੈ । ਹਾਂ—ਜਦ ਕਦੇ ਵੀ ਜੰਗਲ ਦਾ ਸਫ਼ਰ ਕੀਤਾ ਹੈ ।

ਘੋਰ ਉਦਾਸੀ ਦਾ ਜਾਮ ਪੀਤਾ ਹੈ ।
ਮਹਾਂ-ਖ਼ਾਮੋਸ਼ੀ ਦੀ ਵਾਦੀ ਚੋਂ—
ਜਦ ਵੀ ਪਾਰ ਹੋਇਆ ਹਾਂ । ਤੇ—
ਆਪਣੇ ਆਪ ਨਾਲ ਦੋ-ਚਾਰ ਹੋਇਆ ਹਾਂ ।
ਮਨ ਦੇ ਪਾਤਾਲ ਵਿਚੋਂ ਸਦਾ ਆਵਾਜ਼ ਆਈ ਹੈ :—
ਹੇ ਮਨ ਮੇਰੇ,
ਰਾਤੇ ਇਸ ਧਰਤੀ ਤੇ ਕੌਣ ਹੈ ?
ਉਮਰ ਭਰ ਜੋ ਤੂੰ ਅਗ ਦਾ ਦਰਿਆ ਤਰਿਆ ਹੈ
ਕੀ ਕਿਸੇ ਨੇ ਤੇਰਾ ਹੱਥ ਫੜਿਆ ਹੈ ?
ਮ੍ਰਿਗ-ਤ੍ਰਿਸ਼ਨਾ, ਭਟਕਣਾ, ਤਨਿਹਾਈ—
ਜੋ ਤੇਰੇ ਹਿਸੇ ਆਈ ਹੈ ।
ਕੀ ਕਿਸੇ ਨੇ ਅਗੇ ਹੋ ਕੇ,
ਆਪਣੀ ਝੋਲੀ ਵਿਚ ਪੁਆਈ ਹੈ ?
''ਏਧਰ ਆ, ਆਪਣੀ ਪੀੜ ਮੈਨੂੰ ਦੇਹ ।''
ਇਹ ਬੋਲ ਸੁਚੇ ਕਿਸੇ ਜਿਗਰੇ ਨੇ ਬੋਲੇ ਹਨ ?
ਆਪਣੀ ਹੋਂਦ ਦਾ ਅੰਸ਼, ਕਿਸੇ ਤੈਨੂੰ ਸਵੀਕਾਰ ਕੀਤਾ ਹੈ ?
ਜੋ ਬੋਲ ਕੋਮਲ ਜਹੇ, ਕਿਸੇ ਤੇਰੇ ਕੰਨਾ 'ਚ ਘੋਲੇ ਹਨ ?
ਕਿਸੇ ਤੈਨੂੰ ਧੀਰਜ ਬਨ੍ਹਾਈ ਹੈ ?
ਕੌਣ ਤੇਰੇ ਸੁਨਸਾਨ ਰਾਹਾਂ ਤੇ ਆਇਆ ਹੈ ?
ਉਮਰ ਭਰ ਜਿਸ ਨੇ ਤੇਰਾ ਸਾਥ ਦਿਤਾ,
ਉਹ ਤੇ ਤੇਰਾ ਆਪਣਾ ਹੀ ਸਾਇਆ ਹੈ ।
ਤਤੀ ਤਵੀ ਤੇ ਬੈਠੇ ਹਾਂ,
ਸੁਲਗਦੇ ਅੰਗਾਰ ਸਾਂਭੇ ਹਾਂ,
ਅਖਾਂ 'ਚ ਰੋੜਾ ਪਵਾਈ ਹੈ ।
ਇਹ ਸਰਾਪੀ ਜ਼ਿੰਦਗੀ—
ਹਿਸੇ ਜੋ ਸਾਡੇ ਆਈ ਹੈ ।
ਅਪਣਾਈ ਹੈ ।
ਜਿਹੁ ਜਹੀ ਸੀ, ਆਪੇ ਹੰਢਾਈ ਹੈ ।
ਜਦ ਕਦੇ ਵੀ ਜੰਗਲ ਦਾ ਸਫ਼ਰ ਕੀਤਾ ਹੈ ।
ਘੋਰ ਉਦਾਸੀ ਦਾ ਜਾਮ ਪੀਤਾ ਹੈ ।

ਡੀ. ਪੀ. ਓ. ਹਰੀਪੁਰ ਨਾਇਕ
ਜ਼ਿਲਾ ਨੈਨੀਤਾਲ
ਯੂ. ਪੀ.



Sri Satguru Jagjit Singh Ji eLibrary NamdhariElibrary@gmail.com

# ਭਾਰਤ ਦਾ ਮੁਕਤੀ-ਦਾਤਾ

—ਜਸਵੰਤ ਸਿੰਘ ਵਿਰਦੀ—

ਜਿਵੇਂ ਮੱਸਿਆ ਦੇ ਪੈਰ ਪੁੱਟਦਿਆਂ ਹੀ
ਅਚਨਚੇਤ ਹੀ ਦੂਜ ਦਾ ਚੰਦ ਨਿਕਲੇ ।
ਸ਼ਮਾਂ ਜਿਸ ਤਰ੍ਹਾਂ ਸ਼ਾਮਾਂ ਦੀ ਪੈੜ ਛੱਡੇ
ਤਲੀਆਂ ਚੁੰਮਦਾ ਜਿਸ ਤਰ੍ਹਾਂ ਪੰਧ ਨਿਕਲੇ ।
ਜਿਵੇਂ ਸ਼ਿਵਾਂ ਦੀ ਜਟਾ ਤੋਂ ਵਹੇ ਗੰਗਾ
ਨਾਲ ਗੋਪੀਆਂ ਜਿਵੇਂ ਮੁਕੰਦ ਨਿਕਲੇ ।
ਯਾਰੀ ਵੇਖ ਕੇ ਜਿਸ ਤਰਾਂ ਮਿੱਤਰਾਂ ਦੀ
ਜਾਨ-ਬਾਜ਼ ਦੇ ਹੱਥੋਂ ਕੰਮਾਣ ਨਿਕਲੇ ।

ਚਹਿਕੇ ਚਿੜੀ ਬਸੰਤ ਦੀ ਇੰਜ ਹੀ ਤਾਂ
ਭੈਣੀ ਸਾਹਿਬ ਦਾ ਰੌਸ਼ਨ ਮਿਨਾਰ ਆਇਆ
ਜਿਸ ਨੇ ਆਉਂਦਿਆਂ ਮਹਿਕ ਖਲਾਰ ਦਿੱਤੀ
ਸਤਨਾਮ ਦੀ ਪਾਉਂਦਾ ਫੁਹਾਰ ਆਇਆ ।

ਸੋਨਾ ਸਾਡੜੇ ਦੇਸ਼ ਦਾ ਖਿੜਿਆ ਜੋ
ਸਾਲਾਂ ਗੋਰੀਆਂ ਦੇ ਜਾ ਲੁੱਟਿਆ ਸੀ ।
ਸਾਡੀ ਕਣਕ ਤੇ ਜਾਲ ਵਿਛਾਏ ਉਹਨੇ
ਖੇਤਾਂ ਸਾਡਿਆਂ ਦਾ ਸਾਹ ਘੁੱਟਿਆ ਸੀ ।
ਕਈਆਂ ਹਿੱਕਾਂ ਚੋਂ ਧੜਕਦਾ ਜੋਸ਼ ਕੌਮੀ
ਤਗਮੇਂ ਲਾ ਕੇ ਉਹਨਾਂ ਨੇ ਪੁੱਟਿਆ ਸੀ ।
ਆਪਣੇ ਰਾਜ ਵਿਚੋਂ ਦਾਣਾ ਖਾਲਸੇ ਦਾ
ਕੈਦੀ ਪੰਛੀਆਂ ਵਾਂਗ ਨਪੁੱਟਿਆ ਸੀ ।

ਸਾਮਰਾਜ ਦੇ ਪੈਂਦੇ ਪ੍ਰਛਾਵਿਆਂ ਤੇ
ਸਤਿਗੁਰ ਨਫਰਤਾਂ ਦਾ ਪੋਚਾ ਫੇਰਿਆ ਸੀ ।
ਨਾ ਮਿਲਵਰਤਣੀ ਲਹਿਰ ਦਾ ਜੱਥਾ ਲੈ ਕੇ
ਦੇਸ਼ ਦੋਖੀਆਂ ਨੂੰ ਰੜੇ ਘੇਰਿਆ ਸੀ ।

ਕਾਰਾਗਰੀ ਤੋਂ ਚਮਕਿਆ ਨੂਰ ਐਸਾ
ਗੋਰੇ ਆਪਣੀ ਥਾਂ ਨੂੰ ਮਿਣਨ ਲੱਗੇ ।
ਖੰਜਰ ਧਰਤ ਲਈ ਲਹੂ ਜੀ ਘਟੇ ਜੰਮੇ
ਖੂਹ ਸ਼ਾਂਤਮਈ ਤੱਪ ਦੇ ਗਿੜਣ ਲੱਗੇ ।
ਖੁੰਡੀ ਛੁਰੀ ਹੋ ਗਈ ਕਸਾਈਆਂ ਦੀ
ਗੋਡੇ ਭਾਰ ਗੋਰੇ ਪਿਛੇ ਖਿਸਕਣ ਲੱਗੇ ।
ਉਸ ਦੇ ਤਾਰਿਆਂ ਤੇ ਜਦੋਂ ਨਿਗਾਹ ਮਾਰੀ
ਤਾਰੇ ਆਪਣੇ ਆਪ ਨੂੰ ਗਿਣਨ ਲੱਗੇ ।

ਸੁੱਕੇ ਟਾਹਣਿਆਂ ਵਿਚ ਹਰਿਆਲ ਆਈ
ਉਘੜੀ ਲੋਕ ਪੰਜਾਬ ਦੀ ਮਿੱਟੀ ਹੋਈ ।
ਰਸੀਏ ਹੰਸਾਂ ਦੀ ਰਤਾ ਨੂੰ ਛੋਹ ਲੱਗੀ,
ਗੋਲੀ ਦੇਸ਼ ਵਰਗੀ ਫੁੱਲ ਦੀ ਛਟੀ ਹੋਈ ।

ਪਹਿਲੀ ਵਾਰ ਸਤਿਗੁਰ ਰਾਮ ਸਿੰਘ ਜੀ ਤੋਂ
ਨਾਹਰਾ ਪੂਰਨ ਆਜ਼ਾਦੀ ਦਾ ਲਾਇਆ ਗਿਆ
ਸੱਚ ਬੋਲਣਾ ਤੇ ਸੱਚ ਲਈ ਲੜਨਾ
ਸ਼ਾਹ-ਸਵਾਰ ਸੀ ਸ਼ਾਹ-ਰਾਹ ਪਾਇਆ ਗਿਆ ।
ਜੱਕੜੇ ਹੋਏ ਗੁਲਾਮੀ ਦੇ ਕੂਰੇ ਸੰਗਲ
ਸਹਿਮੇ ਗਿੱਦੜ ਨੂੰ ਸ਼ੇਰ ਬਣਾਇਆ ਗਿਆ ।
ਭਰ ਕੇ ਸੁੱਤੀ ਹੋਈ ਮਨੁੱਖਤਾ ਨੂੰ
ਹੱਥ ਪਿੰਡੇ ਤੇ ਫੇਰ ਜਗਾਇਆ ਗਿਆ ।

ਈਸ਼ਵਰ ਭਗਤੀ ਦੇ ਨਾਲ ਹੀ ਦੇਸ਼ ਭਗਤੀ
ਜਦੋਂ ਜੋੜ ਦਿੱਤੀ ਨਹਿਰਾਂ ਚੱਲ ਪਈਆਂ ।
ਉਸਦੇ ਉਛਲਦੇ ਸਾਗਰ ਦੀ ਵਿਉਂਤ ਸੁਣ ਕੇ
ਸਭਨਾਂ ਪਾਸਿਆਂ ਤੋਂ ਲਹਿਰਾਂ ਚੱਲ ਪਈਆਂ ।



Sri Satguru Jagjit Singh Ji eLibrary NamdhariElibrary@gmail.com

ਉਸ ਦੇ ਸੂਬਿਆਂ ਮਾਂਝ ਵਖਾਏ ਸੂਖੇ
ਤਾਰਾਂ ਟੁਣਕੀਆਂ ਫੇਰ ਰਬਾਬ ਦੀਆਂ ।
ਨਕਸ਼ੇ ਓਸਦੀ ਸੂਝ ਨੇ ਜਦੋਂ ਲੀਕੇ
ਆਹੀਆਂ ਟੱਬੀਂ ਸਲੇਟਾਂ ਹਸਾਬ ਦੀਆਂ ।
ਵੱਖ ਵੱਖ ਪ੍ਰਦੇਸੀ ਦੀ ਨਿਗਾਹ ਪਾਣੀ
ਸਾਨਾ ਲਿਸ਼ਕੀਆਂ ਸਾਡੀ ਜਨਾਬ ਦੀਆਂ ।
ਜਦੋਂ ਉਹਦੇ ਮਸਤਾਨਿਆਂ ਨਿਰਤ ਕੀਤਾ
ਨੱਚ ਪਈਆਂ ਬਹਾਰਾਂ ਪੰਜਾਬ ਦੀਆਂ ।

ਚਿੱਟੇ ਖੱਦਰਾਂ ਏਕਤਾ ਜਿਹੀ ਕੀਤੀ
ਲੰਘਾਂ ਕੰਸੀਆਂ ਮੂਨੀ ਵਿਚਾਰ ਦੀਆਂ ।
ਜ਼ੋਰ ਸਾਹਵਾਂ ਦੇ ਸੱਹਣੀਆਂ ਢਿੱਲ ਪਈਆਂ
ਗਾਣੇ ਦੂਰੀਆਂ ਵੰਡੀਆਂ ਪਿਆਰ ਦੀਆਂ ।

ਜਦ ਤੱਕ ਸਾਗਰਾਂ ਵਿਚ ਜਹਾਜ਼ ਜੀਉਂਦੇ
ਜੀਉਂਦੀ ਰਹੇਗੀ ਸਾਡੀ ਵੀ ਆਸ ਗੁਰੂਆ ।
ਸਾਨੂੰ ਨਕਸ਼ਿਆਂ ਤੇ ਜੋਹਲਾਂ ਦਿਸਦੀਆਂ ਨੇ
ਰਹਿੰਦੀ ਯਾਦ ਤੇਰੀ ਸਵਾਸ ਸਵਾਸ ਗੁਰੂਆਂ ।
ਤੇਰੇ ਰਸਤਿਆਂ ਤੇ ਚਾਨਣ ਹੋ ਰਹੇ ਨੇ
ਕਿਉਂ ਹੋਵੀਏ ਅਸੀਂ ਨਰਾਸ ਗੁਰੂਆਂ
ਮੇਲਾ ਲਾਇਆ ਕਬੂਤਰਾਂ ਘੁੱਗੀਆਂ ਨੇ
ਤੇਰੇ ਨਾਮ ਦੀ ਪੈ ਰਹੀ ਰਾਸ ਗੁਰੂਆ ।

ਤੇਰੇ ਅਦਮ-ਤਸ਼ੱਦਦ ਦੀ ਚੜ੍ਹਤ ਅੱਗੇ
ਮਾਣ ਢੂੰਢਿਆ ਐਟਮੀ ਹੋਮਿਆਂ ਦਾ ।
ਗੀਤ ਅਮਨ ਪੌਣਾਂ ਤੇਰਾ ਗਾਉਂਦੀਆਂ ਨੇ
ਤੂੰ ਹਮਾਲੀਆ ਸ਼ਾਂਤ ਦੇ ਸੋਮਿਆਂ ਦਾ ।

## ਰੁਬਾਈ

ਧੰਦਾ ਤੇ ਪਵਿੱਤਰ ਹੈ, ਰਹਿੰਦਾ ਹੈ ਗੰਦਾ ਬਣਕੇ ।
ਜੀਵੇ ਤੇ ਸਫ਼ ਜੀਵੇ, ਜੀਵੇ ਨਾ ਫੰਦਾ ਬਣ ਕੇ ।
ਧੰਦੇ ਤੋਂ ਚੰਗੇਰਾ ਕੂੜ, ਈਸ਼ਵਰ ਨੇ ਘੜਿਆ ਨਹੀਂ ।
ਜਦੋਂ ਵੀ ਰੱਬ ਆਉਂਦਾ, ਆਉਂਦਾ ਹੈ ਬੰਦਾ ਬਣਕੇ


੧ਓ ਫੋਨ : 2737

## ਖੁਸ਼ਖਬਰੀ

ਕਾਰਾਂ, ਟਰੈਕਟਰਾਂ ਤੇ ਟਰੱਕਾਂ ਦੇ ਇੰਜਣਾਂ ਦੀ ਵਧੀਆ ਬਲਾਕ ਬੋ-ਰਿੰਗ, ਕਰੈਂਕ ਗ੍ਰਾਂਈਂ-ਡਿੰਗ ਤੇ ਹੈਡ ਸੀਟ ਫਿਟਿੰਗ ਦਾ ਕੰਮ ਤਸੱਲੀ ਬਖਸ਼ ਹੁੰਦਾ ਹੈ ।
ਇਸ ਤੋਂ ਇਲਾਵਾ ਬੁਲਡੋਜ਼ਰਾਂ, ਕੋਲਡ ਸਟੋਰਾਂ ਦੇ ਕੰਪਰੈਸ਼ਰਾਂ, ਜੈਨਰੇਟਰਾਂ ਅਤੇ ਵਡੇ ਵਡੇ ਹਰ ਪ੍ਰਕਾਰ ਦੇ ਇੰਜਨਾਂ ਦਾ ਕੰਮ ਬਿਲਕੁਲ ਠੀਕ ਠੀਕ ਤੇ ਵਧੀਆ ਕੀਤਾ ਜਾਂਦਾ ਹੈ ।


ਬੋਰਿੰਗ ਮਸ਼ੀਨ

★ ਬੋਰਿੰਗ, ਗ੍ਰਾਈਂਡਿੰਗ ਆਦਿ ਦਾ ਕੰਮ ਵਿਦੇਸ਼ਾਂ ਤੋਂ ਮੰਗਵਾਈਆਂ ਸਪੈਸ਼ਲ ਮਸ਼ੀਨਾਂ ਉਤੇ ਕੀਤਾ ਜਾਂਦਾ ਹੈ ।
★ ਮਰਸਡੀਜ਼ ਟਰੱਕ ਲੈ ਕੇ ਆਓ ਅਤੇ ਕੇਵਲ ਚਾਰ ਦਿਨਾਂ ਵਿਚ ਓਵਰਹਾਲ ਕਰਾ ਕੇ ਵਾਪਸ ਲੈ ਜਾਓ ।
★ ਕੁਸ਼ਲ ਮਕੈਨਿਕ ਅਤੇ ਹੋਰ ਪਰਬੰਧ ਮੁਕੰਮਲ ਹੈ ।
★ ਸਾਡੇ ਪਾਸ ਆਪਣਾ ਜੈਨਰੇਟਰ ਸੈਟ ਵੀ ਹੈ । ਇਸ ਨਾਲ ਬਿਜਲੀ ਬੰਦ ਹੋਣ ਤੇ ਵੀ ਕੰਮ ਚਲਦਾ ਰਹਿੰਦਾ ਹੈ ਤੇ ਕੋਈ ਢਿਲ ਨਹੀਂ ਆਉਂਦੀ ।

ਨੈਸ਼ਨਲ ਆਟੋ ਇੰਜੀਨੀਅਰਿੰਗ ਵਰਕਸ
ਪ੍ਰੋ: ਲਛਮਣ ਸਿੰਘ ਨਾਮਧਾਰੀ
10, ਇੰਡਸਟ੍ਰੀਅਲ ਏਰੀਆ, ਫਗਵਾੜਾ ।





Sri Satguru Jagjit Singh Ji eLibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji eLibrary NamdhariElibrary@gmail.com

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ
ਮਾਰਚ ੧੯੮੫ ਅੰਕ ਵੇਖੋ)

**੨੪ ਜੁਲਾਈ ੧੯੭੮**
**ਸੋਮਵਾਰ ਨਵੀਂ ਦਿਲੀ**

ਜਦ ਮੈਂ ਯਾਦ ਕਰਵਾਇਆ ਕਿ ਆਪ ਸਵਾ ਮਹੀਨਾ ਨਿਤਨੇਮ ਜੁ ਭੈਣੀ ਸਾਹਿਬ ਟਿਕ ਕੇ ਕਰਦੇ ਹਨ, ਉਹ ਵੀ ਤਾਂ ਸਿਹਤ ਵਿਚ ਫਰਕ ਨਹੀਂ ਪਾਂਦਾ। ਤਾਂ ਸਤਿਗੁਰਾਂ ਫਰਮਾਇਆ: ਸਾਲਾਨਾ ਜਪ ਪ੍ਰਯੋਗ ਸਮੇਂ ਕੰਮ ਦਾ ਦਬਾਉ ਰਹਿੰਦਾ ਹੈ। ਸਾਰੇ ਵਿਹਾਰੀਕਾਰੀ ਵੀ ਮਿਲਣ ਆਉਂਦੇ ਰਹਿੰਦੇ ਹਨ। ਇਸ ਲਈ ਸਿਹਤ ਦੀ ਸੁਰਖਿਆ ਲਈ ਵਖਰਾ ਸਮਾਂ ਕਢਣਾ ਜ਼ਰੂਰੀ ਹੈ।

ਗੁਰਦੇਵ-ਹਰਭਜਨ ਸਿੰਘ ਹੁਰਾਂ ਆਪਣੇ ਉਸਤਾਦ ਜੀ ਦੇ ਪਿਆਰ ਸਤਿਕਾਰ ਨੂੰ ਮੁਖ ਰਖਦਿਆਂ, ਏਥੋਂ ਕਾਰ ਲੈਂਜਾਕੇ ਏਅਰੋਡਰੋਮ ਤੋਂ ਘਰ ਤਕ ਛੱਡਣ ਦੀ ਆਗਿਆ ਲਈ। ਸਤਿਗੁਰੂ ਜੀ ਨੇ ਅਪਣੇ ਬੱਚਿਆਂ ਅਤੇ ਉਨ੍ਹਾਂ ਦੇ ਉਸਤਾਦ ਦੇ ਮਾਣ ਨੂੰ ਮੁਖ ਰਖ ਸੰਤ ਗੁਰਚਰਨ ਸਿੰਘ ਰਮੇਸ਼ ਨਗਰ ਨੂੰ ਸੱਦਕੇ ੨੮ ਜੁਲਾਈ ਨੂੰ ਗੱਡੀ ਉਨ੍ਹਾਂ ਦੀ ਤਿਆਰ ਰਖਣ ਲਈ ਹੁਕਮ ਕੀਤਾ।

ਸ੍ਰੀ ਦਲੀਪ ਸਿੰਘ 'ਨਿਰੀਖਿਅਕ' ਦੀ ਕੋਈ ਚਿੱਠੀ ਵੀ ਅੱਜ ਚਰਚਾ ਦਾ ਵਿਸ਼ਾ ਬਣੀ।

**ਨਵੀਂ ਦਿੱਲੀ ਸਟੇਸ਼ਨ ਤੇ**

੯.੧੫ ਰਾਤ ਦੇ ਵਜੇ ਤਾਂ ਸੱਚੇ ਪਾਤਸ਼ਾਹ ਜੀ, ਸੇਠ ਜੀ, ਹੰਸਪਾਲ ਤੇ ਸ: ਸੇਵਾ ਸਿੰਘ ਨਾਲ ਸੰਤ ਲਛਮਣ ਸਿੰਘ ਦੀ ਗੱਡੀ ਵਿਚ ਬੈਠੇ ਕਿਸੇ ਨੂੰ ਵਿਸ਼ੇਸ਼ ਰੂਪ ਵਿਚ ਮਿਲਦੇ ਨਵੀਂ ਦਿੱਲੀ ਸਟੇਸ਼ਨ ਤੇ ਪਹੁੰਚੇ। ਸਟੇਸ਼ਨ ਤੇ ੩੦-੪੦ ਸਰੀਰ ਵਿਦਾ ਕਰਨ ਪਹੁੰਚੇ ਹੋਏ ਸਨ।

ਅਪਣੇ ਸੇਵਕਾਂ ਵਿਚ ਮਹਾਰਾਜ ਨਿਹਾਲ ਸਿੰਘ ਜੀ ਦੇ ਛੋਟੇ ਸਪੁਤਰ ਸ੍ਰੀ ਵਿਸ਼ੇਸਰ ਸਿੰਘ ਜੀ ਨੂੰ ਵਿਦਾ ਕਰਨ ਆਇਆਂ ਵਿਚ ਅਚਾਨਕ ਵੇਖਕੇ ਮਹਾਰਾਜ ਜੀ ਦੇ ਵਡੇ ਸਪੁਤਰ ਠਾਕਰ ਸ਼ਮਸ਼ੇਰ ਸਿੰਘ ਜੀ ਨਾਲ ਖੁਸ਼ੀ ਪਰਗਟ ਕੀਤੀ: ਠਾਕਰ ਜੀ, ਬਲੋਂ ਜੀ ਵੀ ਆ ਗਏ, ਇਹ ਅੱਜ



ਸਤਿਗੁਰੂ ਸ੍ਰੀ ਜਗਜੀਤ ਸਿੰਘ ਜੀ

ਕਿਵੇਂ! ਹੱਦ ਹੋ ਗਈ!

ਫਿਰ ਠਾਕੁਰ ਸ਼ਮਸ਼ੇਰ ਸਿੰਘ ਜੀ ਨਾਲ ਪੰਜਾਬ ਸਰਕਾਰ ਦੇ ਇਕ ਰਿਟਾਇਰਡ ਅਧਿਕਾਰੀ ਸ: ਗੁਰਦਿਆਲ ਸਿੰਘ ਨੂੰ ਮਿਲਾਇਆ: ਇਹ......ਹੁਰਾਂ ਦੇ ਭਾਈ ਨੇ। ਸਰਕਾਰੀ ਮੁਲਾਜ਼ਮਤ ਸਮੇਂ ਸਫੈਦ ਦਸਤਾਰ ਬੰਨਿਆ ਕਰਦੇ ਸਨ। ਹੁਣ ਪੀਲੀ ਬੰਨ੍ਹ ਲਈ ਹੈ।

ਉਹ ਬਜ਼ੁਰਗ ਆਦਰ ਨਾਲ ਝੁਕਿਆ ਤੇ ਕੁਝ ਮਿੰਟ ਪਰਸਪਰ ਗੱਲਬਾਤ ਜਾਰੀ ਰਹੀ।

ਪਲੇਟ ਫਾਰਮ ਤੇ ਵਿਦਾ ਕਰਨ ਆਏ ਕੱਲੇ ਕੱਲੇ



Sri Satguru Jagjit Singh Ji eLibrary NamdhariElibrary@gmail.com



ਗੁਰਨਾਮ ਸਿੰਘ

ਸਰੀਰ ਨੂੰ ਮਿਲਕੇ ਇਕ ਦੋ ਸੁਖ ਦੇਊ ਸ਼ਬਦ ਕਹਿ ਕੇ ਸਤਿਗੁਰੂ ਜੀ ਨੇ ਬਹੁਤਿਆਂ ਨੂੰ ਮਾਣ ਦਿਤਾ। ਅੱਜ ਕਲ ਗੁਰਨਾਮ ਸਿੰਘ ਸਪੁਤਰ ਸ: ਗੁਰਬਚਨ ਸਿੰਘ ਰਾਜੌਰੀ ਵਾਲਿਆਂ ਵਲ ਖਾਸ ਧਿਆਨ ਹੈ। ਕੋਲ ਬੁਲਾਕੇ ਆਖਿਆ: ਇਕ ਘੰਟਾ ਨਾਮ ਸਿਮਰਨ ਦੀ ਆਦਤ ਪਾ। (ਨਾਮਧਾਰੀ ਪਹਿਰਾਵੇ) ਇਹਨਾਂ ਕਪੜਿਆਂ ਵਿਚ ਬੜਾ ਫਬਦਾ ਏਂ।

ਗੱਡੀ ਨੇ ੯.੫੦ ਤੇ ਵਿਸਲ ਮਾਰੀ ਤਾਂ ਸਤਿਗੁਰੂ ਜੀ ਫਸਟ ਕਲਾਸ ਦੇ ਕੂਪੇ ਵਿਚ ਪਹੁੰਚ ਗਏ ਜਿਥੇ ਆਪ ਜੀ ਦਾ ਇੰਤਜ਼ਾਰ, ਸੰਤ ਪ੍ਰਬਾ, ਸ੍ਰੀ ਬਲਦੇਵ ਸਿੰਘ ਅਤੇ ਸ੍ਰੀ ਸੁਖਦੇਵ ਸਿੰਘ ਕਰ ਰਹੇ ਸਨ। ਗੱਡੀ ਦੇ ਹਰਕਤ ਕਰਦਿਆਂ ਹੀ ਸਿੰਘਾਂ ਨੇ ਜੈਕਾਰਾ ਗਜਾਇਆ ਤੇ ਸਤਿਗੁਰੂ ਜੀ ਸ਼ਾਹਜਹਾਨ ਪੁਰ ਨੂੰ ਵਿਦਾ ਹੋ ਗਏ।

**ਰੰਧਾਵਾ ਦੀ ਤਾਰੀਫ਼**

ਹੋਤੇ ਆਇਆ, ਸਤਿਗੁਰੂ ਜੀ ਨੇ ਉਸਤਾਦ ਅਮਜਦ ਅਲੀ ਖਾਂ ਨਾਲ ਫੋਨ ਤੇ ਗੱਲਬਾਤ ਕਰਨ ਸਮੇਂ ਮੈਨੂੰ ਦਸਿਆ ਸੀ ਕਿ ਖਾਂ ਸਾਹਿਬ ਨੇ ਯੂ.ਕੇ. ਵਿਚਲੇ ਸ: ਰੰਧਾਵਾ ਤੇ ਇਕ ਦੋ ਹੋਰ ਸਿੰਘਾਂ ਦੀ ਬੜੀ ਤਾਰੀਫ਼ ਕੀਤੀ ਹੈ। ਉਹ ਇਹਨਾਂ ਦੀ ਹਰ ਔਕੜ ਵਿਚ ਚੰਗੇ ਸਹਾਇਕ ਸਾਬਤ ਹੋਏ।

**੨੮ ਜੁਲਾਈ ੧੯੭੮ ਸ਼ੁਕਰਵਾਰ**
**ਨਵੀਂ ਦਿੱਲੀ**

**ਆਹ! ਗਿਆਨੀ ਜੀ**

ਮੈਨੂੰ ਰਮੇਸ਼ ਨਗਰ, ਨਾਮਧਾਰੀ ਧਰਮਸਾਲਾ ਦੇ ਸਕੱਤਰ ਸੰਤ ਗੁਰਦੀਪ ਸਿੰਘ ਨੂੰ ਮਿਲਣ ਦਾ ਇਤਿਫਾਕ ਹੋਇਆ। ਉਹ ਹੁਣੇ ਹੁਣੇ (੨.੧੫ ਵਜੇ ਦੁਪਹਿਰ) ਘਰ ਪਰਤਿਆ ਅਤੇ ਖਾਣਾ ਖਾ ਰਿਹਾ ਸੀ। ਉਸ ਬੜੇ ਦੁੱਖ ਨਾਲ ਦੱਸਿਆ ਕਿ ਨਾਮਧਾਰੀਆਂ ਵਿਚ ਇਕ ਪ੍ਰਸਿੱਧ ਵਿਅਕਤੀ ਮਹੰਤ ਗੁਰਬਖਸ਼ ਸਿੰਘ ਚਲਾਣਾ ਕਰ ਗਏ ਹਨ। ਉਮਰ ੬੦ ਤੋਂ ਉੱਪਰ ਹੋਵੇਗੀ। ਉਨ੍ਹਾਂ ਦੇ ਸਰੀਰ ਨੂੰ ਲਕਵਾ ਮਾਰ ਗਿਆ। ਦਵਾ ਦਾਰੂ ਦੇ ਜਤਨ ਰਾਸ ਨਹੀਂ ਆਏ। ਕਲ ਦੋ ਵਜੇ ਦੇ ਕਰੀਬ ਉਹਨਾਂ ਦੇ ਸਵਾਸ ਪੂਰੇ ਹੋਏ। ਉਨ੍ਹਾਂ ਦੇ ਭਰਾਵਾਂ ਦੀ ਅੰਮ੍ਰਿਤਸਰੋਂ ਆਉਣ ਦੀ ਉਮੀਦ ਸੀ ਸੋ ਇੰਤਜ਼ਾਰ ਕਰਕੇ ਹੀ ਸਸਕਾਰ ਕੀਤਾ।

ਸੰਤ ਗੁਰਦੀਪ ਸਿੰਘ ਨੇ ਦੱਸਿਆ: ਕਰੀਬ ੫੦੦ ਸਰੀਰ ਸਸਕਾਰ ਦੇ ਮੌਕੇ ਤੇ ਨਾਲ ਗਿਆ। ਦਸ ਜਥੇਦਾਰਾਂ ਨੇ ਸ਼ਬਦ ਧਾਰਨਾ ਦੌਰਾਨ ਕੀਰਤਨ ਕੀਤਾ। ਸਬੱਬ ਨਾਲ ਬੀਤੀ ਰਾਤ ਦੇ ਜਥੇਦਾਰ ਗਿਆਨ ਸਿੰਘ ਹੁਰੀਂ ਵੀ ਆਏ ਹੋਏ ਸਨ। ਦਾਹ ਸੰਸਕਾਰ ਸਮੇਂ ਹਾਜ਼ਰ ਪਬਲਿਕ ਨੇ ਉਨ੍ਹਾਂ ਨੂੰ ਬੜਾ ਸਲਾਹਿਆ।

**ਵਹਿਮੀ ਜੀ ਵੀ ਵਿਛੜ ਗਏ!**

ਏਥੇ, ਗੁਰਦੀਪ ਸਿੰਘ ਦੇ ਘਰ ਸੂਬਾ ਇੰਦਰ ਸਿੰਘ ਸਰਗੋ ਵਾਲਿਆਂ ਦਾ ਲੜਕਾ ਸ: ਲਖਮੀਰ ਸਿੰਘ ਪਤਨੀ ਸਮੇਤ ਆਇਆ ਹੋਇਆ ਸੀ। ਇਸਨੇ ਦੱਸਿਆ ਕਿ ਸੰਤ ਕਰਨ ਸਿੰਘ ਵਹਿਮੀ, ਬੂਚੀ ਮਾੜੀ (ਸਰਸਾ) ਦੇ ਦਾਹ ਸੰਸਕਾਰ ਸਮੇਂ ੨੫੦੦ ਤੋਂ ਵੀ ਵੱਧ ਲੋਕਾਂ ਦਾ ਇਕੱਠ ਹੋ ਗਿਆ। ਉਹ ਪ੍ਰਸਿੱਧ ਨਾਮਧਾਰੀ ਕਵੀ ਸਨ ਅਤੇ ਲੇਖਕ ਵੀ ਸਨ ਜਿਨ੍ਹਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ "ਜਸ ਜੀਵਨ" ਚਾਰ ਹਿਸੇ ਲਿਖਕੇ ਤਿੰਨ ਹਿੱਸੇ ਆਪ ਛਪਵਾਕੇ ਪ੍ਰਕਾਸ਼ਤ ਕੀਤੇ। ਸਤਿਗੁਰੂ ਦੇ ਜਸ ਲਿਖਣ ਤੋਂ ਵਹਿਮੀ ਜੀ ਨੇ ਵੀ ਅਮਰਤਾ ਪ੍ਰਾਪਤ ਕਰ ਲਈ ਹੈ। ਇਸ ਤੋਂ ਬਿਨਾਂ ਉਹ ਇਕ ਸਾਜ਼ਾ ਹਿਤੂ ਵੀ ਸਨ। ਬਹੁਤ ਸਾਰੇ ਲੋੜਵੰਦਾਂ ਨੂੰ ਉਨ੍ਹਾਂ ਤੋਂ ਸਹਾਇਤਾ ਪ੍ਰਾਪਤ ਹੁੰਦੀ ਰਹਿੰਦੀ ਸੀ। ਚੰਗੀ ਗੱਲ ਇਹ ਹੈ ਕਿ ਉਨ੍ਹਾਂ ਦੀ ਸੰਤਾਨ ਵੀ ਉਨ੍ਹਾਂ ਦੀ ਆਗਿਆਕਾਰ ਰਹੀ।

**ਧਿਆਨ ਦਰਕਾਰ**

ਘਰ ਆਇਆਂ ਮੇਰੇ ਲੜਕੇ ਮਨਦੀਪ ਸਿੰਘ ਨੇ ਮੈਨੂੰ ਦੱਸਿਆ ਕਿ ਜੀਵਨ ਨਗਰ ਇਲਾਕੇ ਵਿਚਲੇ ਪਿੰਡ ਸੰਤ



Sri Satguru Jagjit Singh Ji eLibrary NamdhariElibrary@gmail.com

ਨਗਰ ਵਿਚ, ਨਾਮਧਾਰੀ ਪਰਵਾਰਾਂ ਦੇ ਬਸਤਰ ਸਿਊਣ ਵਾਲੇ ਸੰਤ ਕਿਹਰ ਸਿੰਘ—ਬੀਬੀ ਪਾਲੋ ਹੁਰਾਂ ਦਾ ਲੜਕਾ ਗੁਰਦੇਵ ਸਿੰਘ ਉਸਨੂੰ ਮਿਲਿਆ। ਉਸ ਦਸਿਆ ਕਿ ਜੀਵਨ ਨਗਰ ਇਲਾਕੇ ਦੇ ਲੋਕਾਂ ਦੀ ਕਲਿਆਣ ਵਾਸਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਉਚੇਚਾ ਧਿਆਨ ਦਰਕਾਰ ਹੈ, ਨਹੀਂ ਤਾਂ ਨਵੀਂ ਪੌਦ ਵਿਗੜਨ ਦੇ ਰਾਹ ਪੈ ਜਾਵੇਗੀ।

## ਵਹਿਮੀ ਜੀ ਦੀ ਇੱਛਾ

ਸੰਤ ਭਰਨ ਸਿੰਘ ਵਹਿਮੀ ਦੀ ਇੱਛਾ ਸੀ ਕਿ ਉਨ੍ਹਾਂ ਦੇ ਇਕੱਠ ਉਤੇ ਲੇਖਕਾਂ ਦਾ ਇਕ ਤਕੜਾ ਸਮੇਲਨ ਹੋਵੇ। ਸ਼ਾਇਦ ਇਸੇ ਗੱਲ ਨੂੰ ਮੁਖ ਰਖਦਿਆਂ ਮੈਨੂੰ ਸ: ਸਾਧੂ ਸਿੰਘ ਬੂਢੀ ਮਾੜੀ ਤੇ ਮਾਸਟਰ ਅਮਰੀਕ ਸਿੰਘ ਅੰਮ੍ਰਿਤਸਰੀ (ਵਹਿਮੀ ਜੀ ਦੇ ਭਣੇਵੇਂ) ਦਾ ਕੱਲ੍ਹ ਪੱਤਰ ਆਇਆ ਸੀ ਕਿ ਮੈਂ ਭਾਪਾ ਪ੍ਰੀਤਮ ਸਿੰਘ, ਅਮ੍ਰਿਤਾ ਪ੍ਰੀਤਮ, ਸ: ਪਿਆਰਾ ਸਿੰਘ ਦਾਤਾ ਤੇ ਡਾ: ਅਮਰ ਭਾਰਤੀ ਆਦਿ ਨੂੰ ਨਾਲ ਲੈ ਕੇ ਭੋਗ ਦੇ ਮੌਕੇ ਪੁੱਜਾਂ। ਭਾਪਾ ਜੀ ਨੂੰ ਫੋਨ ਕੀਤਾ ਹੈ, ਉਨ੍ਹਾਂ ਜਾਣ ਤੋਂ ਅਸਮਰਥਤਾ ਪ੍ਰਗਟ ਕੀਤੀ ਹੈ। ਭਾਰਤੀ ਜੀ ਨੇ ਵੀ ਬੂਢੀ ਮਾੜੀ ਜਾਣ ਤੋਂ ਮਜਬੂਰੀ ਦੱਸੀ ਹੈ ਕਿਉਂਕਿ ਜਿਸ ਮਸਾਂ ਰੁਕ ਸਿਹ ਹੋਈ ਦੁਕਾਨਦਾਰੀ ਨੂੰ ਚਾਰ ਦਿਨਾਂ ਲਈ ਛੋਹ ਤਿਲਾਂਜਲੀ ਨਹੀਂ ਦੇਣੀ ਚਾਹੁੰਦੇ।

ਅੱਜ ਸ਼ਾਮੀਂ ਚਿੱਠੀ ਮਿਲੀ ਹੈ ਕਿ ਮੇਰੇ ਕੁੰਤਰ (ਕੱਲੂ) ਵਸਦੀ ਲੜਕੀ ਨੂੰ ਪਤੀ ਨਾਲ ਕੁੰਤਰੋਂ ਔਟ ਵਲ ਜਾਂਦਿਆਂ ਹਾਦਸਾ ਵਾਪਰਿਆ ਹੈ ਪਰ ਪੈਰਾਂ ਦੀਆਂ ਦੋ ਉਂਗਲਾਂ ਟੁੱਟਣ ਤੋਂ ਬਿਨਾ ਸਭ ਅੱਛਾ ਹੈ। ਅਪਣੇ ਸਾਰੇ ਪਹਿਲੇ ਪ੍ਰੋਗਰਾਮ ਤੋੜ ਭੰਨ ਕੇ ਅਪਣੀ ਨੂੰਹ ਨੂੰ ਭੇਜ ਰਿਹਾ ਹਾਂ ਸ਼ਾਮ ਦੀ ਬਸ ਤੇ।

### ੩੧ ਜੁਲਾਈ ੧੯੭੮ ਸੋਮਵਾਰ
### ਨਵੀਂ ਦਿੱਲੀ

## ਸੰਤ ਹਰਨਾਮ ਸਿੰਘ ਦਲੇਰ

ਦਿੱਲੀ ਅੱਜ ਬੱਦਲਾਂ ਨਾਲ ਘਿਰੀ ਹੋਈ ਹੈ। ਕਦੇ ਕਦੇ ਇਹਨਾਂ ਵਿਚਾਲਿਓਂ ਸੂਰਜ ਏਨਾ ਤੇਜ਼ ਚਮਕ ਉਠਦਾ ਹੈ ਕਿ ਚੁਮਾਸੇ ਦਾ ਠੀਕ ਤਰ੍ਹਾਂ ਅਨੁਭਵ ਹੋ ਜਾਂਦਾ ਹੈ। ਅੱਜ ਮੇਰਾ ਪ੍ਰੋਗਰਾਮ ਸੰਤ ਹਰਨਾਮ ਸਿੰਘ ਦਲੇਰ ਨੂੰ ਮਿਲਣ ਦਾ ਸੀ। ਉਹ ਸਰਧਾਪੁਰੀ ਰਿੰਗ ਰੋਡ ਤੇ ਸੰਤ ਸੁਜਾਨ ਸਿੰਘ ਦੇ ਗੁਰਦੁਆਰੇ ਦੇ ਸਾਹਮਣੇ ਇਕ ਵਰਕਸ਼ਾਪ ਦੇ ਮਾਲਕ ਹਨ। ਇਥੇ ਉਹ ਲੋਹੇ ਦੇ ਬੂਹੇ ਬਾਰੀਆਂ ਤਿਆਰ ਕਰਦੇ-ਕਰਵਾਂਦੇ ਹਨ। ਵਰਕਸ਼ਾਪ ਜਾਂ ਦਫਤਰ ਦੀ ਡਿਕ ਉਨ੍ਹਾਂ ਦੀ ਆਯੂ ਅਨੁਸਾਰ ਹੈ। ਜੇਨ ਮਾਰਬਲ ਡੀਪੋ ਵਾਲਿਆਂ ਨੂੰ ਦਿਤੀ ਕਿਰਾਏ ਉਤੇ ਥਾਂ ਇਹਨਾ ਦੀ ਵਰਕਸ਼ਾਪ ਦੀ ਆਬ੍ਹ ਵੀ ਮਾਰੀ ਬੈਠੀ ਹੈ।



ਸੰਤ ਹਰਨਾਮ ਸਿੰਘ ਦਲੇਰ

ਪਹਿਲੀ ਵਾਰ ਦਲੇਰ ਹੁਰਾਂ ਨੂੰ ੧੧ ਵਜੇ ਮਿਲਣ ਗਿਆ ਤਾਂ ਉਹ ਟੈਗੋਰ ਗਾਰਡਨ ਗਏ ਹੋਏ ਸਨ। ਦੂਜੀ ਵਾਰ ੪ ਵਜੇ ਗਿਆਂ ਮਿਲ ਪਏ। ਸੰਖੇਪ ਵਿਚ ਇਨ੍ਹਾਂ ਦਾ ਵਿਵਰਣ ਇਸ ਤਰ੍ਹਾਂ ਹੈ :

ਸੰਤ ਹਰਨਾਮ ਸਿੰਘ ਦਲੇਰ ਇਸ ਵੇਲੇ ੭੬-੭੭ ਸਾਲ ਦੇ ਹਨ। ਇਨ੍ਹਾਂ ਰਾਵਲ ਪਿੰਡੀ ਵਾਲੇ ਨਾਮਧਾਰੀ ਹੋਲੇ (ਈ: ੧੯੨੨) ਤੋਂ ੭-੮ ਮਹੀਨੇ ਪਹਿਲਾਂ ਭਜਨ ਪੜ੍ਹਿਆ ਸੀ, ਸੰਤ ਬੇਲਾ ਸਿੰਘ ਮੁਜੋਵਾਲੀ (ਗੁਰਦਾਸਪੁਰ) ਇਹਨਾਂ ਦੇ ਭਜਨ ਦਾਤਾ ਸਨ। ਉਦੋਂ ਇਹ ਪੂਰੀ ਜਵਾਨੀ ਵਿਚ ਸਨ ਤੇ ਰੋਜ਼ਾਨਾ ਦੋ ਬੋਤਲਾਂ ਸ਼ਰਾਬ ਦੀਆਂ ਪੀ ਕੇ ਦੋ ਆਦਮੀਆਂ ਜਿੰਨਾਂ ਹੀ ਕੰਮ ਕਰਦੇ ਸਨ। ਇਹਨਾਂ ਦਾ ਜਨਮ ਨਗਰ ਬੈਂਦਾ ਚੁਪੜਾ ਜ਼ਿਲਾ ਹੁਸ਼ਿਆਰਪੁਰ ਹੈ ਪਰ ਇਹ ਕੰਮ ਕਾਰ ਲਈ ਰਾਵਲਪਿੰਡੀ ਗਏ ਹੋਏ ਸਨ। ਲੱਕੜੀ ਦੇ ਕੰਮ ਦੇ ਵੱਡੇ ਹੋਏ ਉਸਤਾਦ ਸਨ।

ਜਪੁ, ਜਾਪ, ਸੁਖਮਨੀ ਆਦਿ ਬਾਣੀਆਂ ਤਾਂ ਭਜਨ ਲੈਣ ਤੋਂ ਪਹਿਲੋਂ ਵੀ ਪੜ੍ਹਦੇ ਸਨ ਪਰ ਉਹਨਾਂ ਦਾ ਉਹ ਰੰਗ ਪਹਿਲਾਂ ਨਹੀਂ ਸੀ ਜੋ ਭਜਨ ਲੈਣ ਤੋਂ ਪਿਛੋਂ ਚੜ੍ਹਿਆ।



Sri Satguru Jagjit Singh Ji eLibrary NamdhariElibrary@gmail.com

ਇਹਨਾਂ ਦਾ ਇਕ ਸ਼ਬਦੀ ਜਥਾ ਵੀ ਸੀ ਤੇ ਇਹ ਚਿਮਟਾ ਵਜਾ ਕੇ ਸਿੱਖਾਂ ਦੇ ਦੀਵਾਨਾਂ ਵਿਚ ਕੀਰਤਨ ਕਰਦੇ ।

ਇਕ ਦਿਨ ਸੰਤ ਬੇਲਾ ਸਿੰਘ ਜੀ ਜਥੇਦਾਰ ਅਪਣੇ ਜਥੇ ਸਮੇਤ ਰਾਵਲ ਪਿੰਡੀ ਆਏ ਹੋਏ ਸਨ । ਇਹਨਾਂ ਦਾ ਡੇਰਾ ਸੰਤ ਨਰਾਇਣ ਸਿੰਘ ਤੰਬੀਆਂ ਵਾਲੇ ਦੇ ਘਰ ਸੀ । ਰਾਤੀਂ ਸੰਤ ਬੇਲਾ ਸਿੰਘ ਜੀ ਨੇ ਰਲੇਂ ਦਾ ਦੀਵਾਨ ਸ਼ੁਰੂ ਕੀਤਾ ਤਾਂ ਹਰਨਾਮ ਸਿੰਘ ਨੇ ਵੀ (ਜੋ ਉਦਾਂ ਅਨੰਨ ਹੀ ਸੀ) ਜਾ ਚਿਮਟਾ ਖੜਕਾਇਆ ।

## ਚਿਮਟਾ ਚੱਖੜ ਗਿਆ

ਸੰਤ ਬੇਲਾ ਸਿੰਘ ਜੀ ਦੇ ਕੀਰਤਨ ਵਿਚ ਅਜੀਬ ਧੂਹ ਸੀ । ਉਹਨਾਂ ਦੀ ਅਵਾਜ਼ ਵਿਚ ਇਕ ਅੰਸ਼ੀ ਲੋਚਾ ਸੀ ਜੋ ਸੁਣਨ ਵਾਲਿਆਂ ਨੂੰ ਬੋਲਣੋਂ ਨਹੀਂ ਸੀ ਰਹਿੰਦੀ । ਪਰ ਚਿਮਟੇ ਵਾਲੇ ਨੇ ਵੀ ਚਿਮਟੇ ਨਾਲ ਕੁਝ ਰੰਗ ਬਣਾ ਹੀ ਲਿਆ, ਨਹੀਂ ਤਾਂ ਨਾਮਧਾਰੀਆਂ ਦੇ ਦੀਵਾਨ ਵਿਚ ਚਿਮਟੇ ਨੂੰ ਥਾਂ ਨਹੀਂ । ਇਸ ਦਿਨ ਸੰਤਾਂ ਦਾ ਮਨ ਪਰਚ ਕੀਰਤਨ ਅੱਧੀ ਰਾਤ ਤਕ ਚਲਿਆ । ਏਧਰ ਹਰਨਾਮ ਸਿੰਘ ਦੀ ਵੀ ਇਹ ਸੱਧਰ ਪੂਰੀ ਹੋਈ ਕਿ ਵਧੀਆ ਢੋਲਕ ਛੈਣਿਆਂ ਦੀ ਸੰਗਤ ਵਿਚ ਚਿਮਟੇ ਨੇ ਲੈਅ ਤਾਰ ਸੰਭਾਲੀ ਰਖੀ । ਹਰਨਾਮ ਸਿੰਘ ਜੀ ਨੂੰ ਨਾਮਧਾਰੀਆਂ ਦੀ ਢੋਲਕ ਨੇ, ਬਦਲਦੀਆਂ ਲੈਆਂ ਕਰਕੇ, ਸਦਾ ਹੀ ਮੋਹਿਆ ਸੀ । ਅਤੇ ਅੱਜ ਇਹ ਨਾਮਧਾਰੀਆਂ ਦੇ ਵਿਚ, ਉਸੇ ਢੋਲਕ ਦੇ ਕੋਲ, ਉਹਦੀ ਘਟਦੀ ਵਧਦੀ ਲੈਅ ਨਾਲ ਆਪ ਚਿਮਟੇ ਨੂੰ ਗਤੀ ਦੇ ਰਿਹਾ ਸੀ । ਹਰਨਾਮ ਸਿੰਘ ਦਾ ਵਿਚਾਰ ਸੀ ਕਿ ਕਿ ਦੂਜੇ ਸਿੱਖਾਂ ਦੀ ਢੋਲਕੀ ਵਿਚ ਆਕਰਸ਼ਣ ਨਾਂ ਦੀ ਕੋਈ ਸ਼ੈ ਨਹੀਂ ਹੁੰਦੀ । ਅੱਜ ਦੇ ਦੀਵਾਨ ਵਿਚ ਚਿਮਟੇ ਨੇ ਅਨੇਕਾਂ ਵਾਰ ਲੈਅ ਬਦਲੀ ਤੇ ਵਧੇਰੇ ਜ਼ੋਰ ਲਗਾ ।

ਕੀਰਤਨ ਦੀ ਅਰਦਾਸ ਹੋਈ ਤਾਂ ਸੰਤ ਬੇਲਾ ਸਿੰਘ ਜੀ ਕਹਿ ਬੈਠੇ : ਨਾਮਧਾਰੀਆਂ ਦੇ ਦੀਵਾਨਾਂ ਵਿਚ ਅਸੀਂ ਚਿਮਟਾ ਵਜਣਾ ਵਜਾਣਾ ਉਕਾ ਪਸੰਦ ਨਹੀਂ ਕਰਦੇ ਪਰ ਸਿੰਘਾ, ਤੇਰਾ ਦਾਅ ਤਾਂ ਅੱਜ ਲੱਗ ਹੀ ਗਿਆ ਹੈ—ਵਾਹਵਾ ਨਾਲ ਰਲਿਆ ਰਿਹਾ ਏਂ ।

ਏਨੇ ਕੁ ਸ਼ਬਦਾਂ ਨੇ ਹਰਨਾਮ ਸਿੰਘ ਨੂੰ ਕੁਝ ਪ੍ਰੇਰ ਲਿਆ ਅਤੇ ਅਗਲੀ ਸ਼ਾਮੀਂ ਕਰਮੰਡਲ ਦੁਧ ਦਾ ਲੈ ਕੇ ਹਰਨਾਮ ਸਿੰਘ ਸੰਤ ਬੇਲਾ ਸਿੰਘ ਜੀ ਦੀ ਸੇਵਾ ਵਿਚ ਜਾ ਹਾਜ਼ਰ ਹੋਇਆ । ਸੰਤਾਂ ਦੁਧ ਪੀਣ ਤੋਂ ਇਨਕਾਰ ਕਰ ਦਿਤਾ । ਕਿਹਾ; ਜੇ ਤਾਂ ਨਾਮਧਾਰੀਆਂ ਦਾ ਭਜਨ ਪੜ੍ਹਿਆ ਈ, ਤਾਂ ਤਾਂ ਪੀ ਲਵਾਂਗੇ, ਨਹੀਂ ਤਾਂ ਨਹੀਂ ।

## ਵੱਖਰਾ ਭਜਨ

"ਮੈਂ ਸਿੰਘਾਂ ਸਭੀਆਂ ਤੋਂ ਅੰਮ੍ਰਿਤ ਛਕਿਆ ਹੋਇਆ ਏ, ਤੁਹਾਡਾ ਕੋਈ ਵੱਖਰਾ ਭਜਨ ਏਂ ?"

"ਹਾਂ, ਹੈ ਤਾਂ ਵਖਰਾ ਈ, ਆ ਤੈਨੂੰ ਦੱਸੀਏ !"

"ਨਹੀਂ, ਮੈਨੂੰ ਨਹੀਂ ਲੋੜ । ਮੈਨੂੰ ਕਿਹੜਾ ਦੁੱਧ ਨਾ ਲੰਘੇਗਾ, ਮੈਂ ਆਪ ਹੀ ਪੀ ਲਵਾਂਗਾ ।" ਖੁਸ਼ਕ ਗੱਲਾਂ ਨਾਲ ਹਰਨਾਮ ਸਿੰਘ ਨੇ ਪਾਸਾ ਮਰੋੜ ਲਿਆ ।

ਕੋਲ ਖਲੋਤੇ ਸੰਤ ਨਰਾਇਣ ਸਿੰਘ ਨੇ ਆਖਿਆ : "ਸੰਤ ਜੀ, ਅਸਾਮੀ ਛੱਡਣ ਵਾਲੀ ਨਹੀਂ । ਬੜੀ ਕੰਮ ਦੀ ਸ਼ੈ ਹੈ । ਅਤੇ ਸੰਤਾਂ ਫਿਰ ਅਵਾਜ਼ ਮਾਰ ਲਈ : ਆ ਭਾਈ, ਫਿਰ ਤੇਰਾ ਪ੍ਰੇਮ ਨਾਲ ਲਿਆਂਦਾ ਦੁਧ ਪੀ ਹੀ ਲਈਏ ।

ਅਤੇ ਹਰਨਾਮ ਸਿੰਘ ਨੂੰ ਆਪਣੇ ਵਾਲੇ ਮੰਜੇ ਤੇ ਨਾਲ ਬਿਠਾ ਲਿਆ । ਦੁੱਧ ਕਰਮੰਡਲ ਉਸ ਤੋਂ ਲੈ, ਇਕ ਪਾਸੇ ਰੱਖ, ਝੱਟ ਸਿਰ ਅਤੇ ਮਸਤਕ ਹੱਥਾਂ ਵਿਚ ਲੈ ਕੰਨ ਵਿਚ ਚੌਅਖਰਾ ਮੰਤਰ ਫੂਕ ਦਿਤਾ ।

ਫੂਕ ਕੰਨ ਦੇ ਵਿਚ ਅਜਿਹੀ ਮਾਰੀ
ਖੰਦਾ ਹੋਰ ਦਾ ਹੋਰ ਬਣਾ ਦਿਤਾ ।

ਹਰਨਾਮ ਸਿੰਘ ਜੀ ਦਸਦੇ ਹਨ : ਮੰਤਰ ਕਾਹਦਾ ਮੇਰੇ ਕੰਨਾਂ ਵਿਚ ਫੂਕਿਆ ਮੇਰੇ ਸਾਰੇ ਔਗੁਣਾਂ ਨੂੰ ਹੀ ਫੂਕ ਧਰਿਆ। ਰਸਨਾ ਅਪਣੇ ਆਪ ਟੱਕ-ਟੱਕ ਚਲਣ ਲਗੀ । ਅਤੇ ਮੈਂ ਸਿੱਧਾ ਹੀ ਘਰ ਆ ਗਿਆ । ਮੇਰੀ ਦੁਨੀਆ ਬਦਲ ਗਈ । ਕਰਮੰਡਲ ਲੈਣਾ ਵੀ ਭੁੱਲ ਗਿਆ । ਬੱਸ, ਇਕ ਲਿਵ ਜਿਹੀ ਜਿਹੀ ਲਗ ਗਈ । ਆਪਣਾ ਆਪ ਕਿਤੇ ਉਡ ਗਿਆ ਲਗਾ । ਘਰ ਆਇਆਂ ਚੁੱਪ ਮੇਰੇ ਤੇ ਸਵਾਰ ਹੋ ਗਈ । ਨਾ ਡਰ, ਨਾ ਭਰਜਾਈ ਅਤੇ ਨਾ ਕਿਸੇ ਹੋਰ ਨਾਲ ਗੱਲਬਾਤ । ਚੁਪ ਕੀਤਾ ਕੰਮ ਤੇ ਜਾਵਾਂ ਤੇ ਇੰਜ ਹੀ ਪਰਤ ਆਵਾਂ । ਸਾਰੇ ਕੰਮ ਕਾਰ, ਵਰਤ ਵਿਹਾਰ ਚੁਪ ਕੀਤਿਆਂ ਹੋਣ ਲਗੇ ਤੇ ਰਸਨਾ ਸਵਾਸ ਸਵਾਸ ਹਰੀ ਨਾਮ ਜਪਣ ਲਗੀ । ਦੋ ਬੋਤਲਾਂ ਤੋਂ ਉਤਨੀ ਇਹ ਨਾਮ ਦਾ ਨਸ਼ਾ ਹੋ ਗਿਆ । ਚੌਥੇ ਦਿਨ ਸ਼ੂਕਰ ਆ ਪਿਆ । ਲੱਗੇ ਚੌਕੜੇ ਧਰਤੀਓਂ ਜੁੰਬਸ਼ ਨਾਲ ਉਠਾਂ ਅਤੇ ਛੱਤ ਨੂੰ ਜਾ ਵੱਜਾਂ । ਛੱਤੋਂ ਥੱਲੇ ਤੇ ਥੱਲਿਓਂ ਛੱਤ ਨਾਲ ਜਾ ਵਜਣ ਦੇ ਦਿਨ ਵਿਚ ਕਈ ਵਾਰ ਕਾਰਨਾਮੇ ਹੋਏ । ਜਾਪਦਾ ਸੀ ਜਿਵੇਂ ਮੇਰੇ ਅੰਦਰ ਅਥਾਹ ਸ਼ਕਤੀ ਦਾ ਸਾਗਰ ਹੀ ਉਮੜ ਪਿਆ ।

ਲੋਕੀਂ ਕਹਿਣ : ਸ਼ਰਾਬ ਸ਼ਾਇਦ ਪੀ ਲਈ ਸੂ ।



Sri Satguru Jagjit Singh Ji eLibrary NamdhariElibrary@gmail.com

ਹਰਨਾਮ ਸਿੰਘ ਦੇ ਭਰਾ ਨੇ ਸਪਸ਼ਟ ਕੀਤਾ : ਸ਼ਰਾਬ ਤਾਂ ਤਿੰਨ-ਚਾਰ ਦਿਨ ਤੋਂ ਨਹੀਂ ਸੂ ਪੀਤੀ। ਇਹ ਤਾਂ ਕੂਕਾ ਬਣ ਕੂਕਿਆਂ ਦੇ ਭਜਨ ਨੇ ਇਹਨੂੰ ਕੁਝ ਨਾ ਕੁਝ ਕਰ ਦਿਤੈ।

ਅਤੇ ਫਿਰ ਦੋ ਕੁ ਦਿਨ ਵੈਰਾਗ ਨੇ ਆ ਘੇਰਿਆ : ਮਨਾ ਨੇਹੁ ਕੂੜਾ ਲਾਇਆ ਈ! ਅਤੇ ਸਾਰਾ ਸੰਸਾਰ ਇੰਜ ਝੂਠਾ ਲਗਣ ਲਗਾ ਜਿਵੇਂ ਇਸ ਨਾਸਮਾਨ ਨਾਲ ਇਹਦਾ ਕੋਈ ਵਾਸਤਾ ਵੀ ਨਹੀਂ। ਇਹ ਕੋਈ ਹੋਰ ਚੀਜ਼ ਹੈ।

## ਕਾਲੀ ਨਹੀਂ ਬੰਨ੍ਹਣੀ

ਸੰਤ ਹਰਨਾਮ ਸਿੰਘ ਜਲੰਧਰ ਨੇ ਅਪਣੇ ਜੀਵਨ ਦੇ ਇਕ ਚਮਤਕਾਰੀ ਵਿਰਤਾਂਤ ਤੋਂ ਪਰਦਾ ਉਠਾਇਆ। ਉਨ੍ਹਾਂ ਦਸਿਆ : ਨਨਕਾਣਾ ਸਾਹਿਬ ਦਾ ਪ੍ਰਸਿਧ ਸਾਕਾ [੧੯੨੧ ਈ:] ਹੋ ਚੁਕਾ ਸੀ। ਨਨਕਾਣਾ ਕਾਂਡ ਦੇ ਰੋਸ ਵਜੋਂ ਸਿਖਾਂ ਵਿਚ ਕਾਲੀਆਂ ਪੱਗਾਂ ਬੰਨ੍ਹਣ ਦਾ ਚੱਕਰ ਚਲਿਆ। ਮੈਂ ਅਪਣੇ ਪਿੰਡ ਘੋਂਦੇ ਚਪੜੇ ਗਿਆ ਤਾਂ ਮੇਰੇ ਵੱਡੇ ਭਰਾ ਬਸੰਤ ਸਿੰਘ ਨੇ ਬੜਾ ਜ਼ੋਰ ਦਿਤਾ ਕਿ ਮੈਂ ਅਪਣੀ ਚਿੱਟੀ ਪੱਗ ਲਾਹ ਕੇ ਕਾਲੀ ਰੰਗ ਕੇ ਬੰਨ੍ਹਾਂ। ਮੈਂ ਅੜ ਗਿਆ ਕਿ ਮੈਂ ਤਾਂ ਗੁਰੂ ਰਾਮ ਸਿੰਘ ਜੀ ਦਾ ਸਿੰਘ ਹਾਂ ਕਿਸੇ ਗੁਰਦੁਆਰੇ ਜਾਂ ਸਿਖ ਸੰਸਥਾ ਦਾ ਚੇਲਾ ਨਹੀਂ। ਮੈਂ ਸਫੈਦ ਦਸਤਾਰ ਹੀ ਸਜਾਵਾਂਗਾ। ਕਾਲੀ ਨਹੀਂ ਬੰਨ੍ਹਣੀ। ਉਨ੍ਹਾਂ ਦਿਨਾਂ ਵਿਚ ਕਾਲੇ ਰੰਗ ਦਾ ਜਿਵੇਂ ਹੜ੍ਹ ਚਲਦਾ ਹੋਵੇ। ਕਾਲੀਆਂ ਪੱਗਾਂ ਬਣਾਣ ਵਾਲੇ ਜਥੇ ਪਿੰਡੋ ਪਿੰਡ ਤੁਰੇ ਫਿਰਦੇ। ਸਾਡੇ ਪਿੰਡ ਵੀ ਕੜਾਹੇ ਚੜ੍ਹ ਗਏ। ਉਬਲਦੇ ਸਾਫ ਪਾਣੀਆਂ ਵਿਚ ਕਾਲਾ ਰੰਗ ਸੁਟਿਆ ਗਿਆ। ਚੰਗੀ ਤਰ੍ਹਾਂ ਗੜਕਾ ਕੇ ਲੋਕਾਂ ਦੀਆਂ ਚਿੱਟੀਆਂ ਕਾਲੀਆਂ ਕੀਤੀਆਂ ਜਾਣ।

"ਮੈਨੂੰ ਮੇਰੇ ਭਰਾ ਤੇ ਉਹਦੇ ਹਮੇਜੀਆਂ ਨੇ ਇਕ ਅੰਦਰ ਡੱਕ ਕੇ ਬਾਹਰ ਤਾਲਾ ਲਾ ਦਿਤਾ ਕਿ ਓਦੋਂ ਕੱਢਾਂਗੇ ਜਦੋਂ ਪਗੜੀ ਲਾਹ ਕੇ ਕਾਲੀ ਰੰਗ ਹੀ ਦੇਣੀ ਹੋਈ। ਅੰਦਰ ਬੈਠੇ ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ [ਉਸ ਵੇਲੇ' ਦੇ ਪ੍ਰਤਖ ਸਤਿਗੁਰੂ] ਦੇ ਚਰਨਾਂ ਵਿਚ ਇਕ ਮਨ ਹੋ ਬੇਨਤੀ ਕੀਤੀ। ਜਿਵੇਂ ਜਾਣਦੇ ਓ, ਮੈਨੂੰ ਇਨ੍ਹਾਂ ਕਾਲੀ ਪੱਗਾਂ ਤੋਂ ਬਚਾਓ। ਮੈਂ ਤੁਹਾਡਾ ਸਿੱਖ ਹਾਂ, ਮੇਰੀ ਪੱਗ ਨੂੰ ਦਾਗ਼ ਨਾ ਲਗੇ। ਅਰਦਾਸ ਸਮਾਪਤੀ ਉਪ੍ਰੰਤ ਜਿੰਦਾ ਲਗੇ ਦਰ ਖੁਲ੍ਹੇ ਹੋਏ ਸਨ। ਮੈਂ ਬਾਹਰ ਨਿਕਲਦਿਆਂ ਫਿਰ ਭਿੜ ਗਏ ਤੇ ਤਾਲਾ ਲਟਕਣ ਲਗਾ।

ਮੈਂ ਪਿਛੇ ਮੁੜਕੇ ਵੇਖਣ ਦੀ ਥਾਂ ਅੱਗੇ ਹੀ ਅੱਗੇ ਤੁਰਿਆ ਗਿਆ ਤੇ ਗੜਦੀਵਾਲੇ [ਹੁਸ਼ਿਆਰਪੁਰ ਜ਼ਿਲੇ ਦੀ ਇਕ ਤਹਿਸੀਲ] ਜਾ ਸਾਹ ਲਿਆ। ਏਥੇ ਨਾਮਧਾਰੀ ਧਰਮਸਾਲਾ ਵਿਚ ਇਕ ਮਜ਼ਹਬੀ ਸਿੰਘ ਸੰਤ ਖਜ਼ਾਨ ਸਿੰਘ [ਪਿੰਡ ਖੁੰਡਾ ਜ਼ਿ: ਗੁਰਦਾਸਪੁਰ] ਰਹਿੰਦਾ ਸੀ। ਉਹ ਆਪ ਬੜਾ ਵਧਾਇਆ, ਸ਼ਬਦ ਪੜ੍ਹਨ ਵਾਲਾ ਜਥੇਦਾਰ ਸੀ ਅਤੇ ਕੁਰਾਨ ਦਾ ਵੀ ਪੰਡਿਤ ਸੀ। ਉਸਨੂੰ ਜਾਕੇ ਮੈਂ ਅਪਣੇ ਆਉਣ ਦਾ ਕਾਰਨ ਦੱਸਿਆ।"

ਸੰਤ ਖਜ਼ਾਨ ਸਿੰਘ ਜਥੇਦਾਰ ਅਗਲੇ ਦਿਨ ਘੋਂਦੇ ਚਪੜੇ ਸੰਤ ਹਰਨਾਮ ਸਿੰਘ ਹੁਰਾਂ ਦੇ ਪਿੰਡ ਪੁਜਾ। ਪਿੰਡ ਵਿਚ ਬਾਹਲੀ ਵਸੋਂ ਮੁਸਲਮਾਨਾਂ ਦੀ ਸੀ। ੧੦-੧੧ ਘਰ ਹੀ ਸਿੱਖਾਂ ਦੇ ਸਨ। ਖਜ਼ਾਨ ਸਿੰਘ ਹੁਰਾਂ ਦੀਵਾਨ ਕਰਾਕੇ ਸਾਰਾ ਪਿੰਡ ਕੱਠਾ ਕੀਤਾ ਅਤੇ ਐਲਾਨ ਕੀਤਾ : ਹਰਨਾਮ ਸਿੰਘ ਕੂਕਾ ਹੈ! ਅਤੇ ਜੇ ਕਿਸੇ ਇਸਨੂੰ ਕੁਝ ਆਖਿਆ ਤਾਂ ਨਾਮਧਾਰੀਆਂ ਦੇ ਆਉਂਦੇ ਜਥਿਆਂ ਨੂੰ ਰੋਕ ਸਕਣਾ ਮੁਸ਼ਕਲ ਹੋ ਜਾਵੇਗਾ।

ਇਸ ਤੋਂ ਉਪਰੰਤ ਹਰਨਾਮ ਸਿੰਘ ਜੀ ਉਤੇ ਕਿਸੇ ਤਰ੍ਹਾਂ ਦਾ ਸਮਾਜਕ ਦਬਾਅ ਨਹੀਂ ਪਿਆ।

## ਬਚਨ ਅਟਲਾਧਾ

ਰਾਂ ਦੀ ਵਰੋਧਤਾ ਜਾਰੀ ਹੋ ਗਈ। ਇਹਨਾਂ ਦੇ ਪਿੰਡ ਦਾ ਨੰਬਰਦਾਰ ਸ਼ੇਰ, ਇਹਨਾਂ ਨਾਲ ਨਾਰਾਜ਼ ਹੋ ਗਿਆ : ਚੰਗੇ ਭਲੇ ਵਸਦੇ ਸਾਂ, ਤੂੰ ਕੂਕਾ ਕਿਉਂ ਹੋ ਗਿਆ। ਤੈਨੂੰ ਪਤੈ ਸਰਕਾਰ ਕੂਕਿਆਂ ਦੇ ਖਿਲਾਫ ਏ। ਹੁਣ ਤੂੰ ਅਪਣੇ ਆਉਣ ਦੀ ਇਤਲਾਹ ਠਾਣੇਦਾਰ ਨੂੰ ਦੇ ਕੇ ਆਇਆ ਕਰ, ਨਹੀਂ ਤਾਂ ਪੁਲਿਸ ਸਾਨੂੰ ਪਰੇਸ਼ਾਨ ਕਰਦੀ ਰਿਹੇਗੀ। (ਇਹ ੧੯੨੨ ਦੀ ਗੱਲ ਹੋਵੇਗੀ।) ਸੰਤ ਹਰਨਾਮ ਸਿੰਘ ਦੇ ਪਿੰਡ ਦੀਵਾਨ ਤਾਂ ਅਗੇ ਵੀ ਲਗਦੇ ਹੁੰਦੇ ਸਨ। ਇਹਨਾਂ ਨੇ ਵੀ ਅਪਣਾ ਜਥਾ ਬਣਾ ਲਿਆ ਤੇ ਰੱਜ ਦੀਵਾਨ ਲਾਉਣੇ। ਜਾਂ ਨੰਬਰਦਾਰ ਨੇ ਅੰਗਰੇਜ਼ ਸਰਕਾਰ ਦਾ ਡਰ ਵਿਖਾਇਆ ਤਾਂ ਹਰਨਾਮ ਸਿੰਘ ਹੁਰਾਂ ਕਿਹਾ : ਨੰਬਰਦਾਰਾ, ਮੇਰਾ ਗੁਰੂ ਡਾਢਾ ਈ। ਮੈਨੂੰ ਗੋਰਿਆਂ ਤੋਂ ਡਰ ਨਹੀਂ ਉ ਲਗਦਾ। ਕੋਈ ਮਾੜੀ ਗੱਲ ਥੋੜ੍ਹੀ ਕਰਦੇ ਹਾਂ? ਭਜਨ ਬਾਣੀ ਹੀ ਕਰਦੇ ਹਾਂ।

ਨੰਬਰਦਾਰ ਚਲਾ ਗਿਆ। ਸੰਤ ਹਰਨਾਮ ਸਿੰਘ ਨੇ ਆਪਣੀ ਗੱਲ ਜਾਰੀ ਰਖਦਿਆਂ ਮੈਨੂੰ ਦਸਿਆ : ਦੀਵਾਨ ਲਗਣੇ ਸ਼ੁਰੂ ਹੋ ਗਏ। ਦੋ ਤਿੰਨਾਂ ਦੁਆਲੇ ਦੇ ਪਿੰਡਾਂ ਦੇ ਲੋਕਾਂ ਨੇ ਵੀ ਆ ਕੀਰਤਨ ਦਾ ਲਾਹਾ ਲੈਣਾ। ਮੇਰੇ ਦਿਵਾਨਾਂ ਵਿਚ ਮਸਤੀ ਦਾ ਆਲਮ ਬਣਿਆ ਰਹਿੰਦਾ ਸੀ। ਇਕ ਦਿਨ ਨੰਬਰਦਾਰ ਫਿਰ ਦੀਵਾਨ ਰੋਕਣ ਆ ਗਿਆ ਕਿ ਅੰਗਰੇਜ਼



Sri Satguru Jagjit Singh Ji eLibrary NamdhariElibrary@gmail.com

ਸਰਕਾਰ ਦਾ ਹੁਕਮ ਨਹੀਂ ਕੂਕਿਆਂ ਦੇ ਦੀਵਾਨ ਸੁਣਨ ਜਾਂ ਲਾਉਣ ਦਾ ।

"ਪਤਾ ਨਹੀਂ ਸਤਿਗੁਰੂ ਦੀ ਕੀ ਰਜ਼ਾ ਸੀ । ਮੈਂ ਨੰਬਰਦਾਰ ਦੀ ਗੱਲ ਸੁਣਦਿਆਂ ਹੀ ਹੋਰ ਦਾ ਹੋਰ ਹੋ ਗਿਆ । ਉਸਨੂੰ ਰੰਗ ਵਿਚ ਆਏ ਕਹਿ ਦਿਤਾ—ਲੰਬੜਦਾਰਾ ਕੀੜੇ ਪੈ ਕੇ ਮਰੇਂਗਾ ਤੂੰ ਸਾਨੂੰ ਗੁਰਬਾਣੀ ਪੜ੍ਹਨੋਂ ਰੋਕਦਾ ਏਂ, ਬਾਣੀ ਗੁਰੂ ਨਾਨਕ ਦੇਵ ਦੀ, ਗੁਰੂ ਗੋਬਿੰਦ ਸਿੰਘ ਜੀ ਦੀ ਦੋਹੀਂ ਜਹਾਨੀ ਸਾਡੀ ਰਛਿਆ ਹਿਆਇਤ ਕਰਨ ਵਾਲੀ, ਤੇ ਤੂੰ ਰੋਕਦਾ ਏਂ । ਨੰਬਰਦਾਰ ਤਾਂ ਇਹ ਸੁਣਕੇ ਚਲਾ ਗਿਆ । ਦੇਵਨੇਤ ਉਸਦੀ ਮੌਤ ਜਦੋਂ ਹੋਈ ਉਸਦੇ ਕੰਨਾਂ ਵਿਚ ਕੀੜੇ ਪਏ ਹੋਏ ਸਨ । ਮੈਨੂੰ ਰਾਵਲਪਿੰਡੀ ਆਏ ਹੋਏ ਨੂੰ ਕਿਸੇ ਦਸਿਆ ।

"ਮੈਂ ਰਾਵਲ ਪਿੰਡੀ ਵਿਚ ਅਕੇ ਹੋਰ ਦੀਵਾਨ ਲਾਉਣੇ ਸ਼ੁਰੂ ਕੀਤੇ । ਤੇ ਨਾਮਧਾਰੀ ਪੰਥ ਦਾ ਪਰਚਾਰ ਜ਼ੋਰੀਂ ਸ਼ੋਰੀਂ ਜਾਰੀ ਕਰ ਦਿਤਾ ।"

ਸੰਤ ਹਰਨਾਮ ਸਿੰਘ ਦਲੇਰ ਨੇ ਆਪਣੀ ਗਾਥਾ ਸ਼ੁਰੂ ਰਖੀ : ਫਿਰ ਰਾਵਲ ਪਿੰਡੀ ਵਿਚ ਮੇਲਾ ਹੋਇਆ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਰਸ਼ਨ ਦਿਤੇ । ਮੈਂ ਵੀ ਕੇਵਲ ਦਰਸ਼ਨ ਕਰ ਸਕਿਆ, ਮੇਰੇ ਨਾਲ ਬਚਨ ਬਿਲਾਸ ਕੋਈ ਨਹੀਂ ਹੋਏ ।

"ਫਿਰ ਰਾਵਲ ਪਿੰਡੀ ਦੇ ਰਈਸ ਆਜ਼ਮ ਸ: ਆਤਮਾ ਸਿੰਘ ਨੇ ਸਤਿਗੁਰੂ ਜੀ ਤੋਂ ਹੋਲਾ ਕਰਵਾਣ ਦੀ ਪਰਵਾਨਗੀ ਲੈ ਲਈ । ਹੋਲੇ ਤੇ ਸਤਿਗੁਰਾਂ ਨਾਲ ਬਚਨ ਬਿਲਾਸ ਹੋਏ । ਹੋਲੇ ਵਿਚ ਅੰਮ੍ਰਿਤ ਛਕਾਣ ਦਾ ਐਲਾਨ ਹੋਇਆ ਤਾਂ ਮੈਂ ਵੀ ਗਿਆ । ਜਾ ਅਰਜ਼ ਕੀਤੀ ਅਮ੍ਰਿਤ ਛਕਣ ਦੀ । ਸਤਿਗੁਰਾਂ ਬਚਨ ਕੀਤਾ : ਤੈਨੂੰ ਅਮ੍ਰਿਤ ਦੁਆਬੇ ਵਿਚ ਜਾ ਕੇ ਛਕਾਵਾਂਗੇ । ਏਥੇ ਨਹੀਂ ਅਮ੍ਰਿਤ ਛਕਾਣਾ । ਮੈਂ ਹੈਰਾਨ ਕਿ ਇਹਨਾਂ ਨੂੰ ਕਿਵੇਂ ਪਤਾ ਹੈ ਕਿ ਮੈਂ ਦੁਆਬੇ ਦਾ ਹਾਂ ।

"ਇਸ ਤੋਂ ਬਿਨਾਂ ਵੀ ਅਨੇਕਾਂ ਘਟਨਾਵਾਂ ਤੇ ਗੱਲਾਂ ਐਸੀਆਂ ਹੋਈਆਂ ਜਿਹੜੀਆਂ ਕਰਾਮਾਤੀ ਸਨ—ਇਸ ਵੇਲੇ ਮੇਰੀ ਬਿਰਤੀ ਉਹੋ ਜਿਹੀ ਨਹੀਂ ਕਿ ਮੈਂ ਉਹ ਦੱਸ ਸਕਾਂ, ਪਰ ਮੈਨੂੰ ਮੇਰੇ ਸਤਿਗੁਰੂ ਨੇ ਮੋਹੀ ਰਖਿਆ । ਲੋਕ ਮੈਨੂੰ ਕਹਿੰਦੇ ਹਨ ਕਿ ਮੈਂ ਉਹ ਸਾਰੀਆਂ ਘਟਨਾਵਾਂ ਲਿਖਾਂ । ਅਜੇ ਮੇਰੇ ਪਾਸੋਂ ਇਕ ਮਨ ਨਹੀਂ ਹੋਇਆਂ ਜਾਂਦਾ ।"

"ਕਵੀ ਜੀ, ਤੁਹਾਨੂੰ ਇਕ ਹੋਰ ਗੱਲ ਦੱਸਾਂ" ਸੰਤ ਹਰਨਾਮ ਸਿੰਘ ਜੀ ਨੂੰ ਕੌਤੂਹਲ ਵਾਲੀ ਗੱਲ ਯਾਦ ਆਈ : ਮੇਰਾ ਸੰਮਤ ੭੯ ਵਿਚ ਵਿਆਹ ਹੋਇਆ । ਮੇਰਾ ਸਹੁਰਾ ਘਰ ਦੇਵੀ ਦਾ ਪੁਜਾਰੀ ਸੀ । ਮੇਰੇ ਵੱਡੇ ਭਰਾ ਵੱਲ ਉਨ੍ਹਾਂ ਦੀ ਇਕ ਲੜਕੀ ਹੋਣ ਕਰਕੇ ਉਹ ਮੈਨੂੰ ਵੀ ਚੰਗੀ ਤਰ੍ਹਾਂ ਜਾਣਦੇ ਸਨ । ਮੇਰੇ ਸਹੁਰਾ ਸਾਹਿਬ ਨੇ ਆਪਣੀ ਲੜਕੀ (ਨਾਮ ਅਮਰ ਕੌਰ, ਪਿੰਡ ਧਮਾਈਆਂ ਜ਼ਿ: ਹੁਸ਼ਿਆਰਪੁਰ) ਨੂੰ ਸਮਝਾਇਆ ਕਿ ਤੂੰ ਉਸੇ ਤਰ੍ਹਾਂ ਕਰੀਂ ਜਿਵੇਂ ਹਰਨਾਮ ਸਿੰਘ ਆਖੇ । ਮੈਂ ਓਦੋਂ ਸੋਧ ਰਖੀ ਹੋਈ ਸੀ ਤੇ ਸਹੁਰੇ ਘਰ ਜਾ ਕੇ ਵੀ ਆਪਣਾ ਸੁੱਚਾ ਲੰਗਰ ਹਥੀਂ ਬਣਾ ਕੇ ਛਕਦਾ ਸਾਂ । ਜਦੋਂ ਅਮਰ ਕੌਰ ਘਰ ਆਈ ਤਾਂ ਹੱਥ ਜੋੜ ਕੇ ਆਖਿਓ ਸੂ : ਹੁਣ ਤੁਸੀਂ ਨਾ ਪ੍ਰਸ਼ਾਦਾ ਪਕਾਓ । ਮੈਂ ਸੋਧ ਰਖਕੇ ਜਿਵੇਂ ਆਖਿਆ ਜਿਓਂ ਤਿਵੇਂ ਸੇਵਾ ਕਰਾਂਗੀ ।

"ਮੈਂ ਆਪਣੀ ਸਿੰਘਣੀ ਨੂੰ ਆਖਿਆ, ਜੇ ਤੂੰ ਮੇਰੇ ਨਾਲ ਸੰਬੰਧ ਰਖਣੇ ਹਨ ਤਾਂ ਤੈਨੂੰ ਦੁਖ ਹੀ ਉਠਾਣੇ ਪੈਣੇ ਨੇ । ਤੂੰਬਾਂ ਸਾਰੀਆਂ ਲਾਹੁਣੀਆਂ ਪੈਣੀਆਂ ਨੀ । ਸਿੰਘਣੀ ਮੇਰੀ ਨੇ "ਸਤਿਬਚਨ" ਕਿਹਾ । ਮੈਂ ਗੜ੍ਹਦੀਵਾਲਿਓਂ ਪੰਜ ਨਾਮਧਾਰੀ ਸਿੰਘ ਲਿਆ ਕੇ ਅਮ੍ਰਿਤ ਬਣਵਾਕੇ ਛਕਾ ਦਿਤਾ । ਟੂੰਬਾਂ ਉਸ ਮੇਰੀ ਮਾਤਾ ਨੂੰ ਦੇ ਦਿਤੀਆਂ । ਪਹਿਲੀ ਵਾਰ ਦੀ ਆਈ ਅਮਰ ਕੌਰ ਨੇ ਜਦੋਂ ਸੋਧ ਰਖਕੇ ਸੁੱਚਾ ਗੜਵਾ ਜਲ ਦਾ ਖੂਹੋਂ ਭਰਨ ਗਈ ਤਾਂ ਲੋਕਾਂ ਉਂਗਲਾਂ ਮੂੰਹ ਵਿਚ ਪਾ ਲਈਆਂ ਪਹਿਲੇ ਦਿਨ ਹੀ ਕੰਮ ਤੇ ਕੰਮ ਵੀ ਕੂਕਿਆਂ ਵਾਲਾ ? ਉਸ ਨੇ ਕਿਹਾ ਮੈਂ ਤੁਹਾਨੂੰ ਖੁਸ਼ ਨਹੀਂ ਕਰਨਾ ਮੈਂ ਆਪਣੇ ਪਤੀ ਦੀ ਪ੍ਰਸੰਨਤਾ ਹਾਸਲ ਕਰਨੀ ਹੈ ।"

ਗੱਲ ਕਰਦਿਆਂ ਹਰਨਾਮ ਸਿੰਘ ਦਾ ਗੱਚ ਭਰ ਆਇਆ । ਕਹਿਣ ਲਗੇ : ਉਹ ਸਤਿਗੁਰਾਂ ਮੇਰੀ ਸੇਵਾ ਵਾਸਤੇ ਕਿਤੇ ਅਰਸ਼ਾਂ ਵਿਚੋਂ ਭੇਜੀ ਸੀ ।

ਮੇਰੇ ਪੁਛਣ ਤੇ ਉਨ੍ਹਾਂ ਦਸਿਆ : ਉਹ ਗੁਜ਼ਰ ਗਏ ਹਨ ਸਾਢੇ ਤਿੰਨ ਸਾਲ ਹੋਏ ਹਨ ।

ਸੰਤ ਹਰਨਾਮ ਸਿੰਘ—ਅਮਰ ਕੌਰ ਜੀ ਦੇ ਕੁਣ ੬ ਬੱਚੇ ਹਨ, ਤਿੰਨ ਲੜਕੇ ਤੇ ਤਿੰਨ ਲੜਕੀਆਂ : ਨਾਮ ਇਸ ਪ੍ਰਕਾਰ ਹਨ : ਚੰਨਣ ਕੌਰ ਸੁਪਤਨੀ ਸੰਤ ਰਤਨ ਸਿੰਘ ਮਚੂਵਾਲ [ਜਲੰਧਰ] ਸੂਬਾ ਖੇਮ ਸਿੰਘ ਦੇ ਪੋਤਰਾ । ਦੂਜੀ ਲੜਕੀ ਪਿੰਡ ਲੋਹੇ ਦੇ ਦੀਵਾਨ ਸਿੰਘ ਵਲ ਵਿਆਹੀ ਸੀ, ਉਹ ਗੁਜ਼ਰ ਚੁਕਾ ਹੈ । ਤੀਜੀ ਲੜਕੀ ਅੰਮ੍ਰਿਤਸਰ ਵਿਆਹੀ ।

ਲੜਕਾ : ਸ: ਪ੍ਰੀਤਮ ਸਿੰਘ ਬਾਲੀ ਨਗਰ ਕਿਦਾਇਸ, ਸ: ਸੁਰਜੀਤ ਸਿੰਘ ਸ਼ੰਕਰ ਗਾਰਡਨ ਕਿਦਾਇਸ, ਸ: ਮੁਹਕਮ ਸਿੰਘ ।

ਇਹ ਤਿੰਨੇ ਲੜਕੇ ਹੀ ਕੁਦਾਇਤ ਨੂੰ ਗਏ ਹੋਏ ਹਨ ।



Sri Satguru Jagjit Singh Ji eLibrary NamdhariElibrary@gmail.com

ਆਪਣੀ ਰਿਹਾਇਸ਼ ਸੰਤ ਹਰਨਾਮ ਸਿੰਘ ਨੇ ਕੀਰਤੀ ਨਗਰ ਵਿਖੇ ਰਖੀ। ਏਥੇ ਉਨ੍ਹਾਂ ਦੀ ਕੋਠੀ ਹੈ।

ਮੈਨੂੰ ਇਹ ਪਤਾ ਸੀ ਕਿ ਸੰਤ ਹਰਨਾਮ ਸਿੰਘ ਢਲੇਰ ਨੇ ਕਾਫੀ ਸਮਾਂ ਅਫਰੀਕਾ ਵਿਚ ਜਾ ਕੇ ਵੀ ਨਾਮਧਾਰੀ ਪੰਥ ਦਾ ਪਰਚਾਰ ਕੀਤਾ ਹੈ। ਸੋ ਮੈਂ ਇਹਦੇ ਬਾਰੇ ਜਾਣਕਾਰੀ ਲਈ। ਹਰਨਾਮ ਸਿੰਘ ਜੀ ਨੇ ਦਸਿਆ :

## ਅਫਰੀਕਾ ਨੂੰ

"੧੯੨੮ ਦੀ ਗੱਲ ਹੈ। ਭੈਣੀ ਸਾਹਿਬ ਵਿਚ ਹੋਲੇ ਦਾ ਮੇਲਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਬੁਲਾਕੇ ਆਖਿਆ, ਤੇਰੀਆਂ ਦੋ ਚਿਠੀਆਂ ਨੈਰੋਬੀ ਵਿਚੋਂ ਆਈਆਂ ਹਨ। ਓਥੋਂ ਦੇ ਸਿੰਘ ਤੈਨੂੰ ਓਥੇ ਮੰਗਦੇ ਹਨ। ਸੂਬਾ ਲਾਲ ਸਿੰਘ ਜੀ ਅਤੇ ਹੋਰ ਮੁਖੀਆਂ ਨੇ ਕਿਹਾ ਹੈ ਕਿ ਐਸਾ ਪ੍ਰਚਾਰਕ ਭੇਜੋ ਜੋ ਸਾਡੇ ਤੇ ਬੋਝ ਨਾ ਬਣੇ, ਅਪਣੀ ਰੋਜ਼ੀ ਕਮਾਵੇ ਤੇ ਪਰਚਾਰ ਨਾਮਧਾਰੀਆਂ ਦਾ ਕਰੇ। ਇਹਨਾਂ ਵਿਚੋਂ ਕੁਝ ਸਿੰਘ ਤਾਂ ਰਾਵਲ ਪਿੰਡੀਓਂ ਹੀ ਗਏ ਹੋਏ ਸਨ।

"ਏਥੇ ਇਕ ਗਿਆਨ ਸਿੰਘ ਨਾਮ ਦਾ ਸਿੰਘ ਸਰਕਾਰੀ ਪਰਚਾਰਕ ਸੀ ਜੋ ਮੇਰੇ ਨਾਲ ਰਾਵਲਪਿੰਡੀ ਵੀ ਨਹੁੰ ਖੁਰ ਲਿਆ ਕਰਦਾ ਸੀ।...

"ਮੈਂ ਪਿੰਡੋਂ ਜਾ ਕੇ ਦੁਬਾਰਾ ਸਤਿਗੁਰਾਂ ਪਾਸੋਂ ਅਸ਼ੀਰਵਾਦ ਲੈਣ ਆਇਆ ਤਾਂ ਸਤਿਗੁਰਾਂ ਬਚਨ ਕੀਤਾ : ਤੂੰ ਬੇਫਿਕਰ ਹੋ ਕੇ ਅਫਰੀਕਾ ਜਾਹ ਜਿਵੇਂ ਰਾਵਲਪਿੰਡੀਓਂ ਤੇਰੀ ਠੰਢੀ ਸੋਭਾ ਆਉਂਦੀ ਸੀ ਉਸੇ ਤਰ੍ਹਾਂ ਅਫਰੀਕਾ ਵਿਚੋਂ ਵੀ ਆਵੇਗੀ। ਗੁਰੂ ਰਾਮ ਸਿੰਘ ਜੀ ਤੇਰੇ ਸਹਾਇਕ ਹੋਣਗੇ।

"ਪਾਸਪੋਰਟ ਮੇਰੇ ਕੋਲ ਸੀ। ਇਹ ਮੈਂ ਬੰਬਈ ਮੰਘਾ ਦਾਸ ਦਲਾਲ ਨੂੰ ਭੇਜ ਦਿਤਾ। ਜਿਦਣ ਤੁਰਿਆ ਆਤਮਾ ਸਿੰਘ ਸੋਹੀਂ ਦਾ ਇਕ ਨਾਮਧਾਰੀ ਭਲੇਰੋਂ ਮੈਨੂੰ ਮਿਲ ਪਿਆ। ਦੋ ਤਿੰਨ ਹੋਰ ਨੈਰੋਬੀ ਜਾਣ ਵਾਲੇ ਮਿਲ ਗਏ। ਓਦੋਂ ੬੯/- ਨੈਰੋਬੀ ਵਾਸਤੇ ਸਮੁੰਦਰੀ ਜਹਾਜ਼ ਦੇ ਲਗਦੇ ਸਨ। ਜਹਾਜ਼ ਮੁੰਬਾਸੇ ਲਗਦਾ ਸੀ। ਅਗੇ ਸਫਰ ਰੇਲ ਦਾ ਸੀ।...ਪਰ ਮੇਰਾ ਇਮਤਿਹਾਨ ਤਾਂ ਸਤਿਗੁਰਾਂ ਬੰਬਈ ਹੀ ਲੈ ਲਿਆ। ੪੦੦ ਮੇਰੇ ਕੋਲ ਸੀ। ਟਿਕਟ ਲੈ ਕੇ ੩੦੦/- ਮੈਂ ਦੂਜੀ ਜੇਬ ਵਿਚ ਪਾ ਲਏ। ਮੇਰੇ ਗਲ਼ ਇਕੋ ਕੁਰਤਾ ਸੀ। ਏਸੇ ਨਾਲ ਸੁੱਤਾ ਸਾਂ ਕਿ ਘਬਰਾਹਟ ਨਾਲ ਉਠਿਆ ਤਾਂ ਕੁਰਤਾ ਗਲ਼ ਨਹੀਂ ਸੀ। ਸੋਚਿਆ, ਬੰਬਈ ਦੇ ਠੱਗ ਏਨੇ ਹੀ ਚਾਬਕਦਸਤ ਹਨ ਕਿ ਸੁਤੇ ਪਿਆਂ ਸਮੇਂ ਕੁਰਤਾ ਵੀ ਲਾਹ ਲੈ ਗਏ। ਉਹ ਕਿੱਲੀ ਨਾਲ ਟੰਗਿਆ ਹੋਇਆ ਸੀ, ਪਰ ਜੇਬਾਂ ਖਾਲੀ ਸਨ। ਸਭ ਨੇ ਮੇਰੇ ਹਿਤ ਵਿਚ ਭੱਜ ਨੱਠ ਕੀਤੀ ਪਰ ਪੈਸੇ ਤਾਂ ਕਿਤੇ ਵੀ ਨਹੀਂ ਸਨ।

ਸਵੇਰੇ ੪ ਵਜੇ ਉਠ ਸ਼ਨਾਨ ਕਰ ਅਰਦਾਸ ਕੀਤੀ : ਕਹਿੰਦੇ ਸਾਓ ਤੇਰੇ ਗੁਰੂ ਰਖਵਾਲੇ ਹੋਣਗੇ, ਹੁਣ ਕੀ ਕਰਾਂ? ਜਾਂ ਇਕ ਵੇਰ ਟਰੰਕ ਫੇਰ ਫੋਲਿਆ ਤਾਂ ੪੦੦/- ਉਸ ਵਿਚ ਮੌਜੂਦ ਸੀ।

## ਮੁੰਬਾਸਾ ਜਾ ਉੱਤਰੇ

ਜਿਦਣ ਮੁੰਬਾਸੇ ਜਹਾਜ਼ ਲਗਾ। ਓਥੇ ਇਕ ਗੋਰਾ, ਜੋ ਪੰਜਾਬੀ ਬੜੀ ਅਛੀ ਤਰ੍ਹਾਂ ਜਾਣਦਾ, ਸਭ ਦੇ ਪਾਸਪੋਰਟ ਚੈੱਕ ਕਰ ਰਿਹਾ ਸੀ। ੩੦੦/- ਹਰੇਕ ਦੀ ਜ਼ਮਾਨਤ ਰਖੀ ਜਾਂਦੀ ਸੀ ਜਿਸ ਦਾ ਉਥੇ ਕੋਈ ਜ਼ਮਾਨਤੀ ਨਾ ਹੋਵੇ। ਇਕ ਗਰੀਬ ਮਾਸਟਰ ਕਰਜ਼ ਚੁਕ ਕੇ ਹੀ ਆਇਆ ਸੀ। ਅੰਗਰੇਜ਼ ਨੇ ਉਸ ਨੂੰ ਵੀ ਨਾ ਬਖਸ਼ਿਆ। ਪਰ ਮੈਨੂੰ ਆਦਰ ਨਾਲ ਕੁਰਸੀ ਤੇ ਬੈਠਾ ਲਿਆ। ਸਭ ਦਾ ਨਿਰੀਖਣ ਕਰਕੇ ਮੇਰੇ ਪਾਸੋਂ ਉਸ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹਾਲ ਚਾਲ ਪੁਛਿਆ ਉਸ ਕਿਹਾ : ਮੈਂ ਉਨ੍ਹਾਂ ਦੇ ਦਰਸ਼ਨ ਇਕ ਵਾਰ ਲਾਹੌਰ ਰੇਸ ਕੋਰਸ ਵਿਚ ਕੀਤੇ ਸਨ, ਪਰ ਗੱਲਬਾਤ ਨਹੀਂ ਸੀ ਹੋਈ। ਇਸ ਅੰਗਰੇਜ਼ ਨੇ ਰਾਵਲਪਿੰਡੀ, ਗੁਜਰਾਂਵਾਲਾ, ਸ਼ੇਖੂਪੁਰਾ, ਲਾਹੌਰ, ਅੰਮ੍ਰਿਤਸਰ ਆਦਿ ਵਿਚ ਨੌਕਰੀ ਕੀਤੀ ਹੋਈ ਸੀ। ਮੈਨੂੰ ਨਾਮਧਾਰੀ-ਕੂਕਾ-ਜਾਣ ਕੇ ਹੀ ਇਸ ਆਦਰ ਦਿਤਾ ਸੀ। ਫਿਰ ਇਸ ਨੇ ਇਹ ਵੀ ਮੈਨੂੰ ਪੁਛਿਆ : ਤੁਹਾਨੂੰ ਗੁਰੂ ਰਾਮ ਸਿੰਘ ਬਾਰੇ ਕੁਝ ਪਤਾ ਹੈ ਕਿ ਉਹ ਕਿਥੇ ਹਨ? ਤੇ ਉਸ ਆਪ ਹੀ ਦਸਿਆ ਕਿ ੧੯੧੮ ਤਕ ਤਾਂ ਮੈਨੂੰ ਉਨ੍ਹਾਂ ਬਾਰੇ ਪਤਾ ਸੀ ਫੇਰ ਮੈਨੂੰ ਵੀ ਨਹੀਂ ਲਗ ਸਕਿਆ।

"ਮੇਰੀ ਸਿਫਾਰਸ਼ ਤੇ ਸਾਹਿਬ ਨੇ ਗਰੀਬ ਮਾਸਟਰ ਦੇ ਪੈਸੇ ਉਸ ਨੂੰ ਵਾਪਸ ਦੇ ਦਿਤੇ ਤੇ ਮੇਰੇ ਜ਼ਿਮੇ ਉਸਦੀ ਰੋਟੀ, ਰਿਹਾਇਸ਼ ਤੇ ਕੰਮ ਲਗਾ ਦਿਤੇ। ਮੈਂ ਪਰਵਾਨ ਕਰ ਲਿਆ। ਇਸ ਤੇ ਉਸ ਦੇ ਕਲਰਕ ਨੇ ਉਸ ਨੂੰ ਕਿਹਾ : ਸਾਹਿਬ ਅਜੇ ਤਾਂ ਤੁਸਾਂ ਕਦੇ ਐਸੀ ਨਰਮੀ ਜਾਂ ਉਦਾਰਤਾ ਵਿਖਾਈ ਨਹੀਂ। ਸਾਹਿਬ ਕਹਿਣ ਲਗਾ : ਤੂੰ ਕੂਕਿਆਂ ਨੂੰ ਨਹੀਂ ਜਾਣਦਾ— ਮੈਂ ਕੂਕਾ ਤਵਾਰੀਖ ਪੜ੍ਹੀ ਹੋਈ ਏ। ਕੂਕਾ ਕਦੇ ਝੂਠ ਨਹੀਂ ਬੋਲਦਾ, ਵਾਅਦੇ ਤੋਂ ਫਿਰਦਾ ਨਹੀਂ। ਜੇ ਮੈਨੂੰ ਯਕੀਨ ਹੈ ਕਿ ਮਾਸਟਰ ਵਲੋਂ ਸਾਨੂੰ ਕੋਈ ਪਰੇਸ਼ਾਨੀ ਨਹੀਂ ਹੋਵੇਗੀ। ਮੈਂ ਜਤਨ ਕਰਕੇ ਮਾਸਟਰ ਨੂੰ ਛੇਤੀ ਹੀ ਕੰਮ ਤੇ ਲਵਾ ਦਿਤਾ।



Sri Satguru Jagjit Singh Ji eLibrary NamdhariElibrary@gmail.com

ਆਪ ਮੈਂ ਤਖਾਣਾ ਕੰਮ ਕਰਨਾ ਅਤੇ ਅੰਤ ਦੇ ਅੰਤ ਖੂਬ ਗੱਲੋ ਦੇ ਦੀਵਾਨ ਸਜਾਏ। ਨਾਮਧਾਰੀ ਪੰਥ ਦਾ ਖੁਲ੍ਹੇ ਆਮ ਪਰਚਾਰ ਹੋਣ ਲਗਾ।

''ਵੈਸਾਖੀ ਦਾ ਦਿਹਾੜਾ ਆਇਆ ਤਾਂ ਗਿਆਨ ਸਿੰਘ ਨੇ ਮੇਰੇ ਨਾਲ ਗੱਲ ਕਰ ਲਈ ਕਿ ਉਸ ਬਾਰੇ ਕੋਈ ਮਾੜਾ ਚੰਗਾ ਜ਼ਿਕਰ ਨਾ ਕੀਤਾ ਜਾਵੇ ਤੇ ਦੀਵਾਨ ਆਦਿਕਾਂ ਵਿਚ ਇਕ ਦੂਜੇ ਤੋਂ ਵਧ੍ਹ ਕੇ ਹੀ ਆਪਣਾ ਆਪਣਾ ਪਰਚਾਰ ਕੀਤਾ ਜਾਵੇ।

## ਉੱਦਮ ਗੁਰਦੁਆਰੇ ਦਾ

''ਬਸੰਤ ਪੰਚਮੀ ਦਾ ਦਿਨ ਮਨਾਉਣ ਲਈ ਮੈਂ ਐਲਾਨ ਕੀਤਾ ਤਾਂ ਉਨ੍ਹਾਂ ਸਿਖਾਂ ਵੀ ਚੰਗੀ ਛੱਪੀ ਆ ਕੇ ਉਗਰਾਹੀ ਹੋਣੀ ਜਿਹੜੇ ਕਿਸੇ ਤਰ੍ਹਾਂ ਭਟਕ ਗਏ ਸਨ। ਉਹਨਾਂ ਦਾ ਅਰਦਾਸਾ ਕਰਕੇ ਮਾਸ ਸ਼ਰਾਬ ਤੋਂ ਪਰਹੇਜ਼ਗਾਰ ਕਰ ਦੇਣੇ। ਸੈਂਕੜੇ ਆਦਮੀਆਂ ਨੇ ਸ਼ਰਧਾ ਪੂਰਬਕ ਗੁਰੂ ਰਾਮ ਸਿੰਘ ਜੀ ਦਾ ਅਵਤਾਰ ਦਿਨ ਮਨਾਇਆ। ਹਿੰਦੂ, ਸਿਖ, ਮੁਸਲਮਾਨ ਤੇ ਹਰ ਤਰ੍ਹਾਂ ਦੀਆਂ ਸਮਾਜੀ ਸਿਆਸੀ ਪਾਰਟੀਆਂ ਦੇ ਮੁਖੀ ਵੀ ਬੁਲਾਏ ਗਏ। ਇਸ ਮੇਲੇ ਤੇ ਹੀ ਨਾਮਧਾਰੀ ਗੁਰਦੁਆਰਾ ਉਸਾਰਨ ਦੀ ਯੋਜਨਾ ਤਿਆਰ ਹੋ ਗਈ। ਅਤੇ ਰਸੀਦਬੁਕਾਂ ਉਤੇ ਉਗਰਾਹੀ ਹੋਣ ਲਗੀ। ਕੱਲੇ ਮੈਂ ਹੀ ੧੦,੦੦੦ ਸ਼ਿਲਿੰਗ ਕੱਠਾ ਕਰਕੇ ਸੂਬਾ ਜੀ ਦੇ ਹਵਾਲੇ ਕਰ ਦਿਤਾ। ਇਕ ਸਿੱਖ ਜ਼ਮੀਨ ਦੇਣ ਦੂਜੇ ਨੇ ਚਾਦਰਾਂ ਦੇਣ ਦੀ ਪੇਸ਼ਕਸ਼ ਕੀਤੀ।

''ਅਤੇ ਪੌਣੇ ਦੋ ਸਾਲ ਬਾਅਦ ਮੈਨੂੰ ਸਤਿਗੁਰੂ ਜੀ ਦਾ ਹੁਕਮ ਵਾਪਸ ਭਾਰਤ ਆਉਣ ਦਾ ਹੋ ਗਿਆ। ਸਾਧ ਸੰਗਤ ਦਾ ਭਾਵੇਂ ਮੇਰੀ ਵਾਪਸੀ ਨੂੰ ਜੀ ਨਹੀਂ ਸੀ ਕਰਦਾ ਪਰ ਮੈਂ ਸਤਿਗੁਰੂ ਜੀ ਦੇ ਬਚਨ ਨੂੰ ਸਿਰ ਉਪਰ ਮੰਨ ਕੇ ਭਾਰਤ ਨੂੰ ਆ ਗਿਆ।

ਸੰਤ ਹਰਨਾਮ ਸਿੰਘ ਜੀ ਜਿਨ੍ਹਾਂ ਦੇ ਪਿਤਾ ਦਾ ਨਾਮ ਸ: ਈਸ਼ਰ ਸਿੰਘ ਅਤੇ ਮਾਤਾ ਦਾ ਨਾਮ ਨੰਦੀ ਹੈ, ਜਦੋਂ ਮੈਂ ਉਨ੍ਹਾਂ ਨੂੰ ਮਿਲਿਆ ਉਹ ੭੬ ਸਾਲ ਦੇ ਸਨ। ਅਤੇ ਬਾਨੂੜ ਆਪਣੀ ਵਰਕਸ਼ਾਪ ਨੂੰ ਚਲਾ ਰਹੇ ਸਨ।

### ੭ ਅਗਸਤ ੧੯੭੮ ਸੋਮਵਾਰ

### ਨਵੀਂ ਦਿਲੀ

## ਸਾਨੂੰ ਨਿੱਤ ਨੇ ਉਡੀਕਾਂ ਤੇਰੀਆਂ!

ਸਵੇਰੇ ਉਠਦਿਆਂ ਹੀ ਭੁੱਖ ਨੱਸੀ ਪੈ ਗਈ। ਆਪਣੇ ਛੋਟੇ ਲੜਕੇ ਸੁਖਬੀਰ ਸਿੰਘ ਨੂੰ ਡਾ: ਅਮਰ ਭਾਰਤੀ ਪਾਸ ੫.੩੦ ਵਜੇ ਭੇਜਿਆ ਕਿ ਉਹ ੬.੩੦ ਮੇਰੇ ਪਾਸ ਆ ਜਾਣ। ਜਦੋਂ ਨੂੰ ਉਹ ਆਏ ਮੈਂ ਕਪੜੇ ਪਹਿਨਣੇ ਸ਼ੁਰੂ ਕੀਤੇ। ਕੋਈ ੭ ਮਿੰਟ ਬਾਅਦ ਅਸੀਂ ਦੋਵੇਂ ਸ: ਹੰਸਪਾਲ ਵਲ ਚਲੇ ਗਏ। ਅਗੋਂ ਉਹ ਸ੍ਰੀਮਾਨ ਜੀ ਉਡੀਕ ਵੀ ਰਹੇ ਸਨ ਤੇ ਫ਼ਿਕਰ ਵੀ ਕਰ ਰਹੇ ਸਨ।

ਉਡੀਕ ਸਾਡੇ ਆਉਣ ਦੀ ਫ਼ਿਕਰ ਇਸ ਗੱਲ ਦਾ ਕਿ ਜੇ ਫਰੰਟੀਅਰ ਮੇਲ ਡੇਢ ਘੰਟਾ ਲੇਟ ਨਾ ਆਉਂਦੀ ਤਾਂ ਅਸਾਂ ਸਤਿਗੁਰੂ ਜੀ ਦਾ ਸੁਆਗਤ ਦਿੱਲੀ ਸਟੇਸ਼ਨ ਤੇ ਜਾ ਕੇ ਨਹੀਂ ਸੀ ਕਰ ਸਕਣਾ। ਗੱਡੀ ਦੀ ਪਹੁੰਚ ਦਾ ਸਹੀ ਟਾਈਮ ੬.੩੦ ਸਵੇਰ ਸੀ ਪਰ ਹੰਸਪਾਲ ਨੂੰ ੭.੨੦ ਦਾ ਪਤਾ ਸੀ ਜਾਂ ਭੁਲੇਖਾ ਲਗਾ ਸੀ। ਇਹਨਾਂ ਹੋਰ ਲੋਕਾਂ ਨੂੰ ਵੀ ੭.੩੦ ਦਾ ਵਕਤ ਦਿਤਾ ਸੀ।

ਸ: ਹੰਸਪਾਲ ਦੀ ਗੱਡੀ ਤੇ ਦਿਲੀ ਸਟੇਸ਼ਨ ਤੇ ਪਹੁੰਚੇ। ਰੇਲ ਅਜੇ ਆਉਣੀ ਸੀ। ਸੰਗਤ ਹੋਰ ਵੀ ਕਾਫ਼ੀ ਜੁੜੀ ਹੋਈ ਸੀ ਸੁਆਗਤ ਲਈ ਚੇਤੇ ਰਹਿਆਂ ਚੋਂ ਹੇਠ ਲਿਖੇ ਨਾਮ ਜ਼ਿਕਰ ਜੋਗ ਹਨ: ਸੇਠ ਤਰਲੋਕ ਸਿੰਘ, ਸੇਠ ਸਪੂਰਨ ਸ਼ੇਰ ਸਿੰਘ, ਸ: ਸੁਰਿੰਦਰ ਸਿੰਘ ਮਨਚੰਦਾ, ਸੰਤ ਅਮਰ ਸਿੰਘ ਨਿਰਮਾਣ, ਸੰਤ ਦੀਦਾਰ ਸਿੰਘ ਗਿੱਲ, ਸ. ਜੁਗਿੰਦਰ ਸਿੰਘ ਨਾਗੀ, ਸੰਤ ਗੁਲਜ਼ਾਰ ਸਿੰਘ, ਸੰਤ ਅਵਤਾਰ ਸਿੰਘ ਰਾਜੌਰ ਨਗਰ, ਸੰਤ ਗੁਰਦੀਪ ਸਿੰਘ ਨਰਤਕ ਨਾਮਧਾਰੀ ਦਰਬਾਰਾ ਸੰਤ ਗੁਰਚਰਨ ਸਿੰਘ ਡਰਾਈਵਰ ਆਦਿ।

੭.੩੨ ਤੇ ਫਰੰਟੀਅਰ ਮੇਲ ਪਲੇਟ ਫ਼ਾਰਮ ਤੇ ਆਪਣੇ ਪਲੇਟ-ਟਿਕਾਣੇ ਵਲ ਵਧਣ ਲਗੀ। ਹਰ ਕੋਈ ਗੱਡੀ ਦੇ ਡੱਬਿਆਂ ਤੇ ਨਜ਼ਰ ਟਿਕਾਈ ਪ੍ਰੀਤਮ ਦਰਸ਼ਨਾਂ ਦੇ ਪਹਿਲੇ ਨਜ਼ਾਰੇ ਲਈ ਵਿਆਕੁਲ ਸੀ। ਤੁਰੇ ਜਾਂਦੇ ਡੱਬੇ ਅੱਖੀਆਂ ਵਿਚਦੀ ਲੰਘਦੇ ਦਿਲ ਦਿਮਾਗ ਨੂੰ 'ਉਸ ਡੱਬੇ' ਲਈ ਹੋਰ ਤਾਂਘਣ ਵਾਸਤੇ ਮਜਬੂਰ ਕਰ ਰਹੇ ਸਨ। ਤਦੋ ਖ਼ਬਰ ਏਅਰ ਕੰਡੀਸ਼ਨ ਕਪਾਰਟਮੈਂਟ ਵਿਚੋਂ ਮਹਿਕ ਬਖਸ਼ਦਾਰੀ ਮੁਸਕਰਾਂਦੇ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਪਹਿਲ ਸਾਨੂੰ ਮਿਲ ਗਈ।

ਗੱਡੀ ਰੁਕਣ ਤੇ ਸਤਿਗੁਰੂ ਜੀ ਛਾਲ ਮਾਰ ਕੇ ਉਤਰੇ ਤੇਜ਼ ਤੇਜ਼ ਕਦਮ ਪੁਟਦੇ ਆਪ ਉਡੀਕਦੀ ਸੰਗਤ ਵਿਚ ਪਹੁੰਚ ਗਏ। ਹਰ ਕੋਈ ਜੋੜੇ ਲਾਹ, ਹੱਥ ਜੋੜ, ਚਰਨਾਂ ਤੇ ਸਿਰ ਝੁਕਾ, ਨਮਸਕਾਰ ਕਰ ਲਾਭੇ ਹੋ ਰਿਹਾ ਸੀ। ਉਪਰੰਤ ਅਗੇ ਅਗੇ ਸਤਿਗੁਰੂ ਜੀ ਪਿਛੇ ਪਿਛੇ ਸੰਗਤ ਹੋ ਤੁਰੀ। ਪਲੇਟ ਫਾਰਮ ਨੰ: ੨ ਤੋਂ ਚਲ ਕੇ, ਬਚਨ ਕਰਦਿਆਂ ਸਤਿਗੁਰੂ ਜੀ ਤੇ ਸੰਗਤ ਸਟੇਸ਼ਨੋਂ ਬਾਹਰ ਆਏ। (ਚਲਦਾ)



Sri Satguru Jagjit Singh Ji eLibrary NamdhariElibrary@gmail.com

# ਕੁਰਬਾਨੀ

—ਅਵਤਾਰ ਸਿੰਘ

ਬੜੇ ਸਮਿਆਂ ਦੀ ਗੱਲ ਹੈ। ਇਕ ਦਿਵਾਲੀ ਦੀ ਰਾਤ ਨੂੰ ਲਕਸ਼ਮੀ ਨੇ ਇਕ ਘਰ ਦਾ ਬੂਹਾ ਖੜਕਾਇਆ। ਅੰਦਰੋਂ ਅਵਾਜ਼ ਆਈ, ਜ਼ਰਾ ਠਹਿਰੋ, ਆ ਰਿਹਾ ਹਾਂ। ਕੁਝ ਦੇਰ ਉਡੀਕਣ ਤੋਂ ਬਾਅਦ ਲਕਸ਼ਮੀ ਅਗੇ ਚਲੀ ਗਈ ਤੇ ਦੂਸਰੇ ਘਰ ਦਾ ਬੂਹਾ ਖੜਕਾਇਆ, ਤੇ ਫਿਰ ਤੀਸਰੇ, ਚੌਥੇ ਦਾ। ਪਰ ਹਰ ਘਰ ਦੇ ਅੰਦਰੋਂ ਇਹੋ ਅਵਾਜ਼ ਆਈ, ਜ਼ਰਾ ਠਹਿਰੋ, ਆ ਰਿਹਾ ਹਾਂ। ਲਕਸ਼ਮੀ ਨਿਰਾਸ਼ ਹੋ ਕੇ ਮੁੜਨ ਹੀ ਲਗੀ ਸੀ ਕਿ ਇਕ ਹੋਰ ਘਰ ਤੇ ਨਜ਼ਰ ਪਈ। ਲਕਸ਼ਮੀ ਨੇ ਉਸ ਘਰ ਦਾ ਬੂਹਾ ਖੜਕਾਇਆ। ਅੱਖ ਦੇ ਫੋਰ ਵਿਚ ਬੂਹਾ ਖੁਲ੍ਹਾ ਤੇ ਘਰ ਦਾ ਮਾਲਕ ਲਕਸ਼ਮੀ ਸਾਂਵੇ ਹੱਥ ਜੋੜੀ ਖੜਾ ਸੀ। ਉਹ ਲਕਸ਼ਮੀ ਨੂੰ ਬੜੇ ਸਤਿਕਾਰ ਨਾਲ ਘਰ ਦੇ ਅੰਦਰ ਲੈ ਗਿਆ। ਬੜੇ ਆਦਰ ਸਤਿਕਾਰ ਨਾਲ ਬਿਠਾਇਆ ਤੇ ਪੂਜਾ ਅਰਚਨਾ ਕੀਤੀ। ਲਕਸ਼ਮੀ ਇਹ ਸਭ ਕੁਝ ਦੇਖ ਕੇ ਬਹੁਤ ਪ੍ਰਸੰਨ ਹੋਈ ਤੇ ਬੋਲੀ ਹੇ ਪ੍ਰਾਣੀ, ਮੈਂ ਤੇਰੇ ਤੇ ਬਹੁਤ ਪ੍ਰਸੰਨ ਹਾਂ, ਮੰਗ ਜੋ ਤੇਰਾ ਜੀ ਕਰਦਾ ਹੈ।

ਉਸ ਘਰ ਦਾ ਮਾਲਕ ਬੋਲਿਆ—

ਹੇ ਦੇਵੀ, ਮੈਨੂੰ ਕੁਝ ਨਹੀਂ ਚਾਹੀਦਾ, ਮੈਂ ਤੁਹਾਡੇ ਦਰਸ਼ਨ ਕਰਕੇ ਧੰਨ ਹੋ ਗਿਆ ਹਾਂ।

ਪਰ ਲਕਸ਼ਮੀ ਬੋਲੀ—

ਨਹੀਂ, ਕੁਝ ਨਾ ਕੁਝ ਜ਼ਰੂਰ ਮੰਗੋ।

ਘਰ ਦਾ ਮਾਲਕ ਬੋਲਿਆ—

ਤਾਂ ਫਿਰ ਮੇਰੀ ਇਕ ਬੇਨਤੀ ਹੈ।

ਬੋਲੋ—

ਮੈਂ ਜ਼ਰਾ ਘਰ ਤੋਂ ਬਾਹਰ ਜਾ ਰਿਹਾ ਹਾਂ, ਮੇਰੀ ਇਹ ਖਾਹਸ਼ ਹੈ ਕਿ ਜਦ ਤਕ ਮੈਂ ਘਰ ਵਾਪਸ ਨਾ ਆ ਜਾਵਾਂ, ਤੁਸੀਂ ਮੇਰੇ ਘਰ ਤੋਂ ਬਾਹਰ ਨਾ ਜਾਣਾ।

ਲਕਸ਼ਮੀ ਬੋਲੀ—

ਠੀਕ ਹੈ।

ਤੇ ਉਸ ਆਦਮੀ ਨੇ ਬਾਹਰ ਜਾ ਕੇ ਇਕ ਖੂਹ ਵਿਚ ਛਾਲ ਮਾਰ ਦਿਤੀ।

# ਸਾਹਿਤਕ ਗੋਸ਼ਟੀ

ਜਲੰਧਰ—'ਨਵਰੰਗ' (ਸਾਹਿਤਕ ਅਤੇ ਸਭਿਆਚਾਰਕ ਸੰਸਥਾ ਜਲੰਧਰ) ਵਲੋਂ 'ਅਮਰ ਅੱਖਰ' (ਸੁਖਪਾਲਵੀਰ ਸਿੰਘ ਹਸਰਤ), 'ਮੇਰੇ ਹਸਤਾਖਰ' (ਪ੍ਰੀਤਮ ਸਿੰਘ), ਅਤੇ 'ਸੰਖ ਤੇ ਸਿੱਪੀਆਂ' (ਸਿਰੀ ਰਾਮ ਅਰਸ਼) ਪੁਸਤਕਾਂ ਤੇ ਪਿਛੇ ਦਿਨੀਂ ਇਕ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਹ ਗੋਸ਼ਟੀ ਪ੍ਰਵਾਸੀ ਲੇਖਕ 'ਸੰਤੋਖ ਸਿੰਘ ਸੰਤੋਖ' ਦੀ ਪ੍ਰਧਾਨਗੀ ਹੇਠ ਹੋਈ। ਗੋਸ਼ਟੀ ਦਾ ਆਰੰਭ 'ਸਿਰੀ ਰਾਮ ਅਰਸ਼' ਦੀ ਗ਼ਜ਼ਲ ਨਾਲ ਹੋਇਆ। ਸੁਖਪਾਲਵੀਰ ਸਿੰਘ ਹਸਰਤ ਅਤੇ ਪ੍ਰੀਤਮ ਸਿੰਘ ਨੇ ਵੀ ਆਪਣੀਆਂ ਕਵਿਤਾਵਾਂ ਸੁਣਾਈਆਂ। ਡਾ: ਜਗਤਾਰ ਨੇ 'ਸੰਖ ਤੇ ਸਿੱਪੀਆਂ' ਤੇ, ਅਵਤਾਰ ਜੰਡਾ ਨੇ 'ਅਮਰ ਅਖਰ' ਤੇ, ਅਤੇ ਲਖਵਿੰਦਰ ਜੌਹਲ ਨੇ 'ਮੇਰੇ ਹਸਤਾਖਰ' ਤੇ ਪੇਪਰ ਪੜ੍ਹੇ। ਬਾਅਦ ਵਿਚ ਬਹਿਸ ਹੋਈ। ਇਸ ਵਿਚ ਪ੍ਰੋ: ਵੇਦ ਅਗਨੀਹੋਤਰੀ, ਉਲਫਤ ਬਾਜਵਾ, ਪ੍ਰੋ. ਜਗੀਰ ਕਾਹਲੋਂ ਅਤੇ ਡਾ: ਕਿਸ਼ੋਰ ਆਦਿ ਵਕਤਾਵਾਂ ਨੇ ਹਿੱਸਾ ਲਿਆ। ਡਾ. ਜਗਤਾਰ, ਅਵਤਾਰ ਜੰਡਾ ਅਤੇ ਲਖਵਿੰਦਰ ਜੌਹਲ ਨੇ ਬਾਅਦ ਵਿਚ ਉੱਠੇ ਨੁਕਤਿਆਂ ਦਾ ਜਵਾਬ ਦਿਤਾ। ਅੰਤ ਵਿਚ ਸੁਖਪਾਲਵੀਰ ਸਿੰਘ ਹਸਰਤ, ਸਿਰੀ ਰਾਮ ਅਰਸ਼ ਅਤੇ ਪ੍ਰੀਤਮ ਸਿੰਘ ਨੇ ਆਪਣੀ ਆਪਣੀ ਕਵਿਤਾ ਸੰਬੰਧੀ ਵਿਚਾਰ ਪ੍ਰਗਟਾਏ। ਸਟੇਜ ਸਕੱਤਰ ਦੇ ਫਰਜ਼ ਮਹਿੰਦਰ ਸੰਟੀ ਨੇ ਨਿਭਾਏ।

---

## ਸੰਗੀਤ ਕਲਾ ਮੰਚ ਜਲੰਧਰ ਵਲੋਂ ਸਤਵਾਂ ਸਾਲਾਨਾ ਸੰਗੀਤ ਸਮਾਗਮ ੭ ਅਪਰੈਲ ਨੂੰ

ਸੰਗੀਤ ਕਲਾ ਮੰਚ ਦੇ ਸਕੱਤਰ ਦੀ ਸੂਚਨਾ ਅਨੁਸਾਰ ੭ ਅਪਰੈਲ ਐਤਵਾਰ ਸਵੇਰੇ ੧੦ ਵਜੇ ਲੋ: ਕਾਲਜ ਆਫ਼ ਐਜੂਕੇਸ਼ਨ ਜਲੰਧਰ ਵਿਖੇ ਮਹਿਫ਼ਲ-ਏ-ਮੌਸੀਕੀ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਵਿਚ ਕਈ ਉਘੇ ਸੰਗੀਤਕਾਰ— ਸ੍ਰੀ ਭੀਮ ਸੈਨ, ਸ੍ਰੀ ਮਨੋਹਰ ਲਾਲ, ਸ੍ਰੀ ਜੋਗਿੰਦਰ ਬਾਵਰਾ, ਪੰ: ਰਮਾ ਕਾਂਤ, ਸ੍ਰੀ ਬਾਲੋ ਰਾਮ, ਸ੍ਰੀ ਸੁਧੀਰ ਕੌਸ਼ਲ, ਸ੍ਰੀ ਰਾਜਬੀਰ ਸਿੰਘ, ਸ੍ਰੀ ਸ਼ਿਵ ਲਾਲ, ਸ੍ਰੀ ਜਗਦੀਪ ਕਿਰਨ ਆਦਿ ਭਾਗ ਲੈਣਗੇ। ਡੀ. ਸੀ. ਜਲੰਧਰ ਮੁਖ ਅਤਿਥੀ ਅਤੇ ਸ੍ਰੀ ਮੋਹਨ ਸਿੰਘ 'ਵਫ਼ਾ' ਉਦਘਾਟਨ ਕਰਨਗੇ।



Sri Satguru Jagjit Singh Ji eLibrary NamdhariElibrary@gmail.com

# ਤੂ ਸਾਹਿਬ ਸਚੇ ਵੇਖੁ

—ਜਗਦੀਸ਼ ਸਿੰਘ

ਮੇਰੇ ਘਰ ਦੇ ਲਾਗੇ ਵੱਡੇ ਗੁਰਦੁਆਰੇ ਵਿਚ ਅੱਜ ਕੀਰਤਨ ਦਰਬਾਰ ਹੈ। ਮੈਂ ਅੱਜ ਸਵੇਰ ਤੋਂ ਹੀ ਮਨ ਬਣਾਇਆ ਹੈ ਕਿ ਕੀਰਤਨ ਸੁਣ ਕੇ ਸ਼ਾਂਤੀ ਪ੍ਰਾਪਤ ਕਰਾਂਗਾ। ਗੁਰਬਾਣੀ ਦੇ ਨਾਲ ਨਾਲ ਇਸ਼ਤਿਹਾਰ ਵਿਚ ਦਿਤੇ ਰਾਗੀਆਂ ਜਥਿਆਂ ਪਾਸੋਂ ਵੱਖ ਵੱਖ ਰਾਗਾਂ ਤਾਲਾਂ ਦੀਆਂ ਵੰਨ ਸੁਵੰਨੀਆਂ ਜੀਹਾਂ ਵਿਚ ਜੜਤ ਸ਼ਬਦਾਂ ਦਾ ਹੁਲਾਰਾ ਲਵਾਂਗਾ। ਸਭ ਧੰਦੇ ਤਿਆਗੇ ਇਕ ਪਾਸੇ ਕਰ ਦੇਣੇ ਹਨ। ਮੈਂ ਸ਼ਾਮ ਨੂੰ ਵਾਪਸ ਪਰਤਦਾ ਹਾਂ। ਗੁਰਦੁਆਰਾ ਸਾਹਿਬ ਦਾ ਆਂਗਨ ਬੱਤੀਆਂ ਨਾਲ ਜਗਮਗ ਕਰ ਰਿਹਾ ਹੈ ਅਤੇ ਰੰਗ ਬਿਰੰਗੇ ਸਿਤਾਰਿਆਂ ਦੀਆਂ ਲੜੀਆਂ ਦੇ ਜਾਲਾਂ ਨਾਲ ਲਿਸ਼ਕਾਰੇ ਮਾਰ ਰਿਹਾ ਹੈ। ਮੈਨੂੰ ਚੇਤੇ ਆਉਂਦਾ ਹੈ ਇਹੋ ਜਿਹੀ ਸਜਾਵਟ ਸਾਡੇ ਮੁਹੱਲੇ ਦੇ ਜਗਰਾਤਿਆਂ ਵਿਚ ਵੀ ਹੁੰਦੀ ਹੈ। ਗੁਰਦੁਆਰੇ ਦੇ ਬਾਹਰ ਇਕ ਵੱਡਾ ਸਪੀਕਰ ਲੱਗਾ ਹੈ। ਅਗੇ ਜਾਂਦਾ ਹਾਂ ਅਗਲੇ ਖੰਭੇ ਨਾਲ ਸਪੀਕਰ ਦਾ ਇਕ ਹੋਰ ਲੰਬਾ ਹਾਰਨ ਲੱਗਾ ਹੈ। ਆਵਾਜ਼ ਹੋਰ ਵੀ ਵੱਧ ਰਹੀ ਹੈ। ਅਗਲਾ ਚੌਕ ਦੋ ਫਰਲਾਂਗ ਤੇ ਹੈ ਉਸ ਤਕ ਪਤਾ ਨਹੀਂ ਕਿੰਨੇ ਲਾਊਡ ਸਪੀਕਰ ਦੇ ਹਾਰਨ ਲਗੇ ਹਨ। ਇਸ ਸੜਕ ਦੇ ਅੱਧ ਵਿਚ ਮੇਰਾ ਘਰ ਹੈ। ਘਰ ਦੇ ਆਲੇ ਦੁਆਲੇ ਗਾਣਿਆਂ, ਸ਼ਬਦਾਂ ਦੀਆਂ ਟੇਪ ਕੈਸਟਾਂ ਅਤੇ ਰਿਕਾਰਡ ਵੇਚਣ ਵਾਲਿਆਂ ਦੀਆਂ ਦੁਕਾਨਾਂ ਹਨ। ਉਹਨਾਂ ਨੇ ਵੀ ਸਾਰੇ ਗਾਣੇ ਅੱਜ ਹੀ ਸੁਣਾਉਣੇ ਹਨ।

ਗਲੀ ਵਿਚਲੇ ਸਾਰੇ ਘਰਾਂ ਵਿਚ ਟੀ.ਵੀ. ਚਲ ਰਹੇ ਹਨ। ਚਿਤ੍ਰਹਾਰ ਪ੍ਰੋਗਰਾਮ ਵਿਚ ਗਾਣੇ ਆ ਰਹੇ ਹਨ। ਜਿਹੜੀਆਂ ਸੁਆਣੀਆਂ ਰਸੋਈ ਵਿਚ ਹੀ ਹਨ ਉਹਨਾਂ ਦੀ ਸਹੂਲਤ ਲਈ ਉਚੇ ਚਲਦੇ ਟੀ.ਵੀ. ਸੈਟਾਂ ਦੀ ਆਵਾਜ਼ ਰਸੋਈ ਵਿਚ ਪਹੁੰਚਾਈ ਜਾ ਰਹੀ ਹੈ। ਮੇਰੇ ਘਰ ਦੀਆਂ ਖਿੜਕੀਆਂ ਖੜਕ ਰਹੀਆਂ ਹਨ। ਪਿਤਾ ਜੀ ਨੇ ਪਾਠ ਕਰਨਾ ਹੈ ਕੂਹਾ ਢੱਕਿਆ ਹੋਇਆ ਹੈ। ਕੀਰਤਨ ਦਰਬਾਰ ਦੇ ਲਾਊਡ ਸਪੀਕਰਾਂ ਵਿਚ ਮੁਢਲਾ ਪ੍ਰੋਗਰਾਮ ਚਾਲੂ ਹੈ। ਮੇਰੀ ਛੋਟੀ ਭਤੀਜੀ ਦਾ ਕਲ ਇਮਤਿਹਾਨ ਹੈ। ਉਸ ਦੀ ਮਾਂ ਉਸਨੂੰ ਪੜ੍ਹਾਉਣ ਦਾ ਜਤਨ ਕਰਦੀ ਹੈ। ਉਹ ਭੋਰ ਭੋਰੀ ਕਦੇ ਟੈਲੀਵੀਜ਼ਨ ਵਲ ਵੇਖਦੀ ਹੈ ਕਦੇ ਬਾਹਰ ਨੂੰ। ਕੀਰਤਨ ਅਤੇ ਪੰਜਾਬੀ ਗਾਣਿਆਂ ਦਾ ਰਲਵਾਂ ਸ਼ੋਰ ਅੰਦਰ ਆ ਰਿਹਾ ਹੈ।

ਮੈਂ ਗੁਰਦੁਆਰੇ ਪੁਜਦਾ ਹਾਂ।

ਉਡੀਕ ਰਿਹਾ ਹਾਂ ਸ਼ਾਮ ਦਾ ਸਮਾਂ ਹੈ ਹੁਣ ਕੋਈ ਕਲਿਆਣ ਦੀ ਬੰਦਿਸ਼ ਸ਼ੁਰੂ ਹੁੰਦੀ ਹੈ ਕੋਈ ਬਿਹਾਗੜਾ ਦੀ ਚੀਜ਼ ਗਾਈ ਜਾਵੇਗੀ। ਧਰੁਪਦ ਧਮਾਰ ਦੇ ਜ਼ਮਾਨੇ ਤਾਂ ਗਏ ਪਰ ਕੋਈ ਤਿੰਨ ਤਾਲ ਦੀ ਗਤ ਸਮਾਂ ਖਲਿਆਰੇਗੀ। ਗਰਮ ਪੈਂਟ ਕੋਟ ਸੂਟ ਪਾਈ ਅਤੇ ਦਾੜ੍ਹੀਆਂ ਨੂੰ ਤਾਜ਼ੀ ਫਿਕਸੋ ਲਾਈ ਛਾਤੀਆਂ ਤੇ ਵੱਡੇ ਵੱਡੇ ਸਿਲਕੀ ਫੁਲ ਸਜਾ ਕੇ ਪਰਬੰਧਕ ਇਧਰ ਉਧਰ ਦੌੜ ਰਹੇ ਹਨ। ਬੱਚਿਆਂ ਨੇ ਸ਼ਬਦ ਪੜ੍ਹੇ ਹਨ ਅਤੇ ਹੁਣ ਵਿਸ਼ੇਸ਼ ਸਨਮਾਨ ਸਮਾਰੋਹ ਸ਼ੁਰੂ ਹੋ ਗਿਆ ਹੈ। ਬਾਬੇ ਨੇ ਲਿਖਿਆ ਹੈ "ਕੀਰਤ ਪ੍ਰਭ ਕੀ ਗਾਉ ਮੇਰੀ ਰਸਨਾ" ਪਰਬੰਧਕ ਕਮੇਟੀ ਦੇ ਮੈਂਬਰਾਂ ਨੇ ਇਕ ਦੂਜੇ ਦੀ ਕੀਰਤੀ ਗਾਉਣੀ ਸ਼ੁਰੂ ਕੀਤੀ ਹੈ। ਇਹਨਾ ਸ੍ਰੀਮਾਨ ਨੇ ਸਮਾਗਮ ਵਾਸਤੇ ਰਾਤ ਦਿਨ ਇਕ ਕਰ ਦਿਤਾ ਹੈ। ਇਹਨਾਂ ਸਰਦਾਰ ਜੀ ਮਾਇਆ ਦੇ ਖੁਲ੍ਹੇ ਗੱਫੇ ਦਿਤੇ ਹਨ। ਇਹ ਠੇਕੇਦਾਰ ਅਨਥਕ ਵਰਕਰ ਹਨ। ਹਰ ਹਫਤੇ ਘਰੋਂ ਘਰੀ ਪਾਠ ਕੀਤੇ ਹਨ। ਅਸੀਂ ਏਨੇ ਗੁਰਪੁਰਬ ਮਨਾਏ ਹਨ ਅਸੀਂ ਗੁਰਮਤ ਸਕੂਲ ਚਾਲੂ ਕੀਤਾ ਹੈ। ਅਸੀਂ, ਅਸੀਂ ਆਹ ਅਹੁ ਆ।...ਬੋਲੇ ਸੋ ਨਿਹਾਲ...।

ਮੈਨੂੰ ਸੁਖਮਨੀ ਸਾਹਿਬ ਦੀ ਇਕ ਤੁਕ ਚੇਤੇ ਆਉਂਦੀ ਹੈ:

"ਜਬ ਇਹ ਜਾਨੈ ਮੈ ਕਿਛੁ ਕਰਤਾ।
ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥"

ਗੁਰੂ ਸਾਹਿਬ ਦੇ ਗੁਰਪੁਰਬ ਦੇ ਪਿਛਲੇ ਨਗਰ ਕੀਰਤਨ ਦੀ ਗੱਲ ਯਾਦ ਆਉਂਦੀ ਹੈ। ਸਬਦੀ ਜਥੇ ਸ਼ਬਦ ਪੜ੍ਹਦੇ ਜਾ ਰਹੇ ਹਨ। ਇਕ ਜਥੇ ਦਾ ਲਾਊਡ ਸਪੀਕਰ ਖਰਾਬ ਹੋ ਜਾਂਦਾ ਹੈ। ਜਥੇ ਦਾ ਤਾਂ ਘੋਰ ਅਪਮਾਨ ਹੋ ਗਿਆ ਹੈ। ਪਰਬੰਧਕਾਂ ਤੇ ਗੁੱਸਾ ਆ ਰਿਹਾ ਹੈ ਕੀਰਤਨ ਬੰਦ ਪਿਆ ਹੈ। ਆਹ ਤੁਹਾਡਾ ਪਰਬੰਧ ਹੈ? ਕਿਥੇ ਹੈ ਪ੍ਰਧਾਨ ਕਿਥੇ ਹੈ ਸਕੱਤਰ? ਲਿਆਓ ਫੜ ਕੇ। ਘੰਟੇ ਡੇਢ ਬਾਅਦ ਲਾਊਡ ਸਪੀਕਰ ਚਾਲੂ ਹੋ ਜਾਂਦਾ ਹੈ। ਨਵੇਂ ਸੈਟ ਨੇ ਗੂੰਜਾਂ ਪਾ ਦਿਤੀਆਂ ਹਨ। ਅਗਲੇ ਜਥੇ ਦੇ ਨੌਜੁਆਨ ਪਿਛਾਂਹ ਨੂੰ ਮੁੜ ਮੁੜ ਵੇਖਦੇ ਹਨ। ਉਹਨਾਂ ਦੇ ਤੇਵਰ ਕੁਝ ਬਦਲ ਰਹੇ ਹਨ। ਨਾਲੋ ਨਾਲ ਅਗੋਂ ਪਿਛੇ ਕੀਰਤਨ ਵੀ ਹੋ ਰਿਹਾ ਹੈ। ਕੁਝ ਨੌਜਵਾਨ ਪਿੱਛੇ ਨੂੰ ਆਏ ਹਨ ਉਹਨਾਂ ਕਿਹਾ ਹੈ ਲਾਊਡ ਸਪੀਕਰ ਦੀ ਆਵਾਜ਼ ਘੱਟ ਕਰੋ ਜਾਂ ਕਿਸੇ ਹੋਰ ਥਾਂ ਚਲੇ ਜਾਵੋ।

ਉਹ ਵਾਪਸ ਚਲੇ ਜਾਂਦੇ ਹਨ। ਫੇਰ ਦੁਬਾਰਾ ਲਾਮ ਕੇ ਆਉਂਦੇ ਹਨ। ਸੈਟ ਤੋਂ ਆਵਾਜ਼ ਬੰਦ ਕਰਨ ਦੇ ਜਤਨ



Sri Satguru Jagjit Singh Ji eLibrary NamdhariElibrary@gmail.com

ਕਰਦੇ ਹਨ । ਨਿਸ਼ਫਲ ! ਫਿਰ ਉਹ ਰਿਕਸ਼ੇ ਦੇ ਹੈਂਡਲ ਤੇ ਲਗੇ ਸਪੀਕਰ ਦਾ ਮੂੰਹ ਉਤਾਂਹ ਨੂੰ ਕਰ ਦਿੰਦੇ ਹਨ ਪਿਛਲੇ ਜੱਥੇ ਵਾਲੇ ਫਿਰ ਮੂੰਹ ਹੇਠਾਂ ਨੂੰ ਕਰ ਦਿੰਦੇ ਹਨ ਹੁਣ ਹੱਥੋਪਾਈ ਅਤੇ ਛੱਡ ਛੁਡਾਈ ਦਾ ਘੋਲ ਹੁੰਦਾ ਹੈ ।...ਝੜਪ ਤੋਂ ਬਾਅਦ ਸ਼ਾਂਤੀ ਹੁੰਦੀ ਹੈ ਜਲੂਸ ਚਲਦਾ ਹੈ ।

ਅਗੇ ਫਿਰ ਲਾਊਡ ਸਪੀਕਰਾਂ ਦਾ ਮੀਲ ਭਰ ਦਾ ਸਿਲਸਿਲਾ ਹੈ । ਇਕ ਦੁਕਾਨ ਵਿਚੋਂ ਕੋਈ ਬੋਲ ਰਿਹਾ ਹੈ । ਗੁਰੂ ਜੀ ਦੇ ਗੁਰਪੁਰਬ ਦੀ ਸਭ ਸੰਗਤਾਂ ਨੂੰ ਲੱਖ ਲੱਖ ਵਧਾਈ ਹੋਵੇ । ਘੜੀ ਮੁੜੀ ਇਹ ਹੀ ਗੱਲ । ਨਗਰ ਕੀਰਤਨ ਵਾਲੇ ਜਥਿਆਂ ਦਾ ਕੋਈ ਸ਼ਬਦ ਸੁਣਾਈ ਨਹੀਂ ਦੇ ਰਿਹਾ । ਉਸ ਦੁਕਾਨ ਵਿਚ ਬੈਠੇ ਇਕੱਲੇ ਵਿਅਕਤੀ ਦੀਆਂ ਵਧਾਈਆਂ ਫੈਲ ਰਹੀਆਂ ਹਨ ।

ਸੁਆਗਤ ਸੁਆਗਤ ਦਾ ਸ਼ੋਰ ਹੈ । ਜਿਹੜੀ ਦੁਕਾਨ ਤੋਂ ਇਹ ਪ੍ਰੋਗਰਾਮ ਸ਼ੁਰੂ ਹੈ ਉਸ ਤੋਂ ਅੱਧਾ ਮੀਲ ਏਧਰ ਅਤੇ ਅੱਧਾ ਮੀਲ ਦੂਸਰੇ ਪਾਸੇ ਤੱਕ ਲਾਊਡ ਸਪੀਕਰ ਲਗੇ ਹਨ । ਏਨੇ ਥਾਂ ਵਿਚ ਕੋਈ ਹੋਰ ਸ਼ਬਦ ਕੀਰਤਨ ਸਭ ਥਲੇ ਦਬ ਜਾਂਦਾ ਹੈ । ਇਕ ਚੌਕ ਵਿਚ ਸਟੇਜ ਲਾਈ ਹੋਈ ਹੈ । ਸੁਸਾਇਟੀ ਦੇ ਕਾਰਿੰਦੇ ਹਾਰ ਅਤੇ ਸਿਰੋਪਾਓ ਦੇ ਪਟਕੇ ਲੈ ਖੜੇ ਹਨ । ਹਰ ਜਥੇ ਟਰਾਲੀ ਵਾਲੇ ਦਾ ਨਾਮ ਲੈ ਕੇ ਸੁਆਗਤ ਦਾ ਐਲਾਨ ਕਰਦੇ ਹਨ । ਪਰਬੰਧਕਾਂ ਨੂੰ ਪੁਛਿਆ ਜਾਂਦਾ ਹੈ ਇਹ ਕੌਣ ਹਨ । ਉਤਰ ਇਹ ਹੈ ਇਹ ਪ੍ਰਾਈਵੇਟ ਸਟੇਜ ਹੈ । ਸਟੇਜ ਤੇ ਸੂਟਿਡ ਬੂਟਿਡ ਨੌਜੁਆਨ ਖੜੇ ਹਨ । ਅਸੀਂ ਫਲਾਣੇ ਜਥੇ ਦਾ ਸੁਆਗਤ ਕਰਦੇ ਹਾਂ । ਜਥੇਦਾਰ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਆਣ ਕੇ ਆਪਣਾ ਸਿਰੋਪਾ ਲੈ ਜਾਣ ।

ਮੈਨੂੰ ਯਾਦ ਆਉਂਦੀ ਹੈ ਮਹਾਰਾਜਾ ਰਣਜੀਤ ਸਿੰਘ ਦੀ ਗੱਲ । ਮਹਾਰਾਜਾ ਆਪਣੇ ਸਮੇਂ ਦੇ ਮਸ਼ਹੂਰ ਰਾਗੀ ਦੇ ਘਰ ਆਪ ਆਜਜ਼ੀ ਨਾਲ ਗਿਆ । ਇਹ ਸਿਰੋਪਾ ਦੇਣ ਵਾਲੇ ਕੀਰਤਨਕਾਰਾਂ ਕੋਲ ਜਾ ਕੇ ਦੇਣਾ ਨਹੀਂ ਦੇ ਸਕਦੇ ਇਕ ਅਪਣੇ ਬਣਾਏ ਸਟੇਜ ਤੇ ਬੁਲਾਉਂਦੇ ਹਨ । ਕੀ ਇਹਨਾਂ ਦਾ ਆਪਣਾ ਜੀਵਨ ਉਚਾ ਹੈ ਜੋ ਇਹ ਸਿਰੋਪਾ ਬਖ਼ਸ਼ਿਸ਼ ਕਰਦੇ ਹਨ । ਮੀਲ ਭਰ ਦੇ ਰਾਹ ਵਿਚ ਇਸ ਸਟੇਜ ਤੋਂ ਏਨੀ ਆਵਾਜ਼ ਜਾ ਰਹੀ ਹੈ ਕਿ ਜਲੂਸ ਵਿਚਲੇ ਕੀਰਤਨਕਾਰਾਂ ਦੀ ਆਵਾਜ਼ ਏਨੇ ਥਾਂ ਵਿਚ ਸੁਣਾਈ ਨਹੀਂ ਦੇਂਦੀ । ਉਹ ਚੁਪ ਹੋ ਜਾਂਦੇ ਹਨ । ਅਗਲੇ ਦਿਨ ਅਖ਼ਬਾਰਾਂ ਵਿਚ ਖ਼ਬਰਾਂ ਤਸਵੀਰਾਂ ਛਪਦੀਆਂ ਹਨ ਸੁਸਾਇਟੀ ਦੇ ਉਦਮ ਦੀਆਂ । ਜਲੂਸ ਦੀ 'ਅਗਵਾਈ' ਕਰਨ ਵਾਲਿਆਂ ਦੀਆਂ । ਜਿਹੜੇ ਅੱਠ ਘੰਟੇ ਤਕ ਗਾਉਂਦੇ ਰਹੇ ਉਹਨਾਂ ਵਿਚ ਕਿਸੇ ਦਾ ਜ਼ਿਕਰ ਤੱਕ ਨਹੀਂ ਕਿਤੇ ।


## ਟਰੱਕਾਂ ਦੀਆਂ ਬਾਡੀਆਂ

ਹਰ ਪ੍ਰਕਾਰ ਦੇ ਟਰਕਾਂ ਦੀਆਂ ਅਤਿ ਮਜ਼ਬੂਤ ਪਾਏਦਾਰ ਅਤੇ ਬਹੁਤ ਖੂਬਸੂਰਤ ਬਾਡੀਆਂ ਬਨਾਉਣ ਦੇ ਮਾਹਿਰ

## ਪਰਤਾਪ ਬਾਡੀ ਬਿਲਡਰਜ਼

## 51—ਗੁਲਾਬੀ ਬਾਗ

## ਦਿਲੀ—110007

ਮਾਲਕ : ਸੰਤ ਸਾਧਾ ਸਿੰਘ ਮੁਹਾਰਾਂ ਵਾਲੇ

ਫੋਨ ਨੰ: 519808





Sri Satguru Jagjit Singh Ji eLibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)

Phone No. 42452



(SINGLE BARREL OR DOUBLE BARREL) 12 Bore Guns

## Once Purchased Ever Purchased

AS
BEST QUALITY OF THE DAY
IS
OUR MOTTO
IN NEED CONTACT US FOR BARGAIN
WITH FULL CONFIDENCE





Sri Satguru Jagjit Singh Ji eLibrary NamdhariElibrary@gmail.com

(ਹੋਲਾ—ਸਫਾ ੧੨ ਦੀ ਬਾਕੀ)

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਟੇਪ ਚਲ ਰਿਹਾ ਸੀ। ਰਾਗ ਦਾ ਅਸਰ ਹੈ ਪਿਆਰ...ਜਾਨਵਰਾਂ ਤੇ ਵੀ ਰਾਗ ਦਾ ਅਸਰ ਹੁੰਦਾ ਹੈ। ਸਤਿਗੁਰਾਂ ਨੇ ਰਾਗ ਨੂੰ ਗੰਦੇ ਵਿਚਾਰ ਵਿਚੋਂ ਕੱਢ ਕੇ ਸਾਨੂੰ ਦਿਤਾ। ਹਰ ਸਿੱਖ ਦਾ ਫਰਜ ਹੈ ਕਿ ਰਾਗ ਨੂੰ ਮਰਨ ਨਾ ਦਿਤਾ ਜਾਵੇ।

ਇਸ ਤੋਂ ਉਪਰੰਤ ਮਹਾਰਾਜ ਬੀਰ ਸਿੰਘ ਜੀ ਨੇ ਫਿਰ ਕੁਝ ਸ਼ਬਦ ਟੇਪ ਵਿਚ ਆਏ ਰਾਗ ਸਬੰਧੀ ਉਪਦੇਸ਼ ਬਾਰੇ ਕਹੇ। ਅਤੇ ਫਿਰ ਰਾਗੀਆਂ ਦਾ ਓਹੀ ਇਲਾਹੀ ਕੀਰਤਨ ਸ਼ੁਰੂ ਹੋਇਆ ਜਿਸਨੇ ਸਮੂਹ ਸੰਗਤ ਤੇ ਵਜਦ ਤਾਰੀ ਕਰ ਦਿਤਾ।

ਬਸੰਤ ਹਿੰਡੋਲ ਵਿਚ 'ਮਾਈ ਮੈ ਧਨੁ ਪਾਇਓ ਹਰਿਨਾਮੁ' ਅਤੇ ਮਿਸਰ ਕਾਫੀ ਵਿਚ 'ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ' ਦੋਸ਼ਬਦਾਂ ਦੀਆਂ ਉਚੀਆਂ ਸੁਰਾਂ ਦਿਲਾਂ ਦੀ ਖਿੜਕੀ ਤੋੜ ਕਰ ਰਹੀਆਂ ਸਨ ਪਰ ਮਨ ਨੂੰ ਸ਼ਾਂਤੀ ਦੇ ਰਹੀਆਂ ਸਨ।

## ਵਿਸ਼ੇਸ਼ ਸਮਾਗਮ

ਸ੍ਰੀ ਗੁਰਭਜਨ ਸਿੰਘ ਨਾਮਧਾਰੀ ਸਾਬਕਾ ਡਿਪਟੀ ਸਕੱਤਰ ਗ੍ਰਹਿ ਮੰਤਰਾਲਯ ਬਣੇ ਉਹਨਾਂ ਦਸਿਆ ਕਿ ਹੁਣ ਇਕ ਵਿਸ਼ੇਸ਼ ਸਮਾਗਮ ਹੋਵੇਗਾ। ਇਹ ਦਰਅਸਲ ਨਾਗਰਿਕ ਸਮਾਰੋਹ ਹੀ ਹੈ ਜੋ ਦਿੱਲੀ ਦੇ ਨਾਗਰਿਕਾਂ ਵਲੋਂ ਹੈ।

ਗੁਰਭਜਨ ਸਿੰਘ ਨੇ ਅਨਾਊਂਸ ਕੀਤਾ ਕਿ ਹੁਣ ਅਨਥਕ ਵਰਕਰ ਸ: ਹਰਵਿੰਦਰ ਸਿੰਘ ਹੰਸਪਾਲ ਐਮ.ਪੀ. ਜਨਰਲ ਸਕੱਤਰ ਨਾਮਧਾਰੀ ਦਰਬਾਰ, ਪ੍ਰਧਾਨ ਹੋਲਾ ਕਮੇਟੀ ਸਟੇਜ ਤੇ ਆ ਕੇ ਆਪਣੇ ਵਿਚਾਰ ਪੇਸ਼ ਕਰਨਗੇ।

ਸ: ਹਰਵਿੰਦਰ ਸਿੰਘ ਹੰਸਪਾਲ ਨੇ ਅਪਣੀ ਤਕਰੀਰ ਵਿਚ ਹੋਲਿਆਂ ਦਾ ਇਤਿਹਾਸ ਗੁਰੂ ਗੋਬਿੰਦ ਸਿੰਘ ਜੀ ਤੋਂ ਲੈ ਕੇ ਗੁਰੂ ਰਾਮ ਸਿੰਘ ਜੀ, ਗੁਰੂ ਹਰੀ ਸਿੰਘ ਜੀ, ਗੁਰੂ ਪ੍ਰਤਾਪ ਸਿੰਘ ਜੀ ਅਤੇ ਹੁਣ ਸਤਿਗੁਰੂ ਜਗਜੀਤ ਸਿੰਘ ਤਕ ਸੁਣਾਇਆ। ਉਹਨਾਂ ਦਸਿਆ ਕਿ ਦੋ ਹੋਲੇ ਭਾਰਤ ਤੋਂ ਬਾਹਰ ਥਾਈਲੈਂਡ ਅਤੇ ਇੰਗਲੈਂਡ ਵਿਚ ਹੋ ਚੁਕੇ ਹਨ ਅਤੇ ਇਕ, ਇਸ ਸਾਲ ਤਨਜ਼ਾਨੀਆ ਵਿਚ ਹੋਵੇਗਾ।

## ਸਮਾਰਿਕਾ ਵਿਮੋਚਨ

ਇਸ ਮੌਕੇ ਤੇ ਹੋਲਾ ਕਮੇਟੀ ਵਲੋਂ ਤਿਆਰ ਕੀਤੀ ਗਈ ਇਕ ਸਮਾਰਿਕਾ ਸਤਿਗੁਰੂ ਜੀ ਨੇ ਰਲੀਜ਼ ਕੀਤੀ। ਜਿਸ ਵਿਚ ਪੰਜਾਬੀ ਹਿੰਦੀ ਅਤੇ ਅੰਗਰੇਜ਼ੀ ਵਿਚ ਲੇਖ ਅਤੇ ਸੁੰਦਰ ਇਤਿਹਾਸਕ, ਕਲਾਤਮਕ ਤਸਵੀਰਾਂ ਸਨ।

ਸਮਾਰਿਕਾ (ਸੋਵੀਨਰ) ਦੇ ਵਿਮੋਚਨ ਬਾਅਦ ਗੁਰਭਜਨ ਸਿੰਘ ਜੀ ਨੇ ਵਾਰੀ ਵਾਰੀ ਨਾਮ ਐਲਾਨੇ ਜਿਨ੍ਹਾਂ ਸਜਨਾਂ ਨੇ ਸਤਿਗੁਰੂ ਜੀ ਨੂੰ ਫੁਲਾਂ ਦੇ ਹਾਰ ਪੇਸ਼ ਕਰਕੇ ਸੁਆਗਤ ਵਿਚ ਸੰਗਤ ਦੀ ਪ੍ਰਤੀਨਿਧਤਾ ਕੀਤੀ। ਸਤਿਗੁਰੂ ਜੀ ਹਾਰ ਸਵੀਕਾਰ ਕਰਕੇ ਸੰਹਰਾ ਜਿਹਾ ਤਾਲ ਨਾਲ ਛੁਹਾ ਕੇ ਸਾਹਮਣੇ ਧਰ ਦਿੰਦੇ। ਜਿਨ੍ਹਾਂ ਜਿਨ੍ਹਾਂ ਪਿਆਰਿਆਂ ਨੂੰ ਸਨਮਾਨ ਕਰਨ ਦਾ ਮਾਨ ਦਿਤਾ ਗਿਆ। ਉਹਨਾਂ ਦੇ ਨਾਮ ਇਹ ਹਨ।

੧. ਸ: ਹਰਵਿੰਦਰ ਸਿੰਘ ਹੰਸਪਾਲ, ਪ੍ਰਧਾਨ ਹੋਲਾ ਕਮੇਟੀ।
੨. ਸ: ਮਹਿੰਦਰ ਸਿੰਘ ਸਾਥੀ ਮੇਅਰ ਦਿੱਲੀ
੩. ਚੋਧਰੀ ਭਰਤ ਸਿੰਘ ਐਮ.ਪੀ. ਆਊਟਰ ਦਿੱਲੀ
੪. ਲਾਲਾ ਰਣੇਸ਼ ਦਾਸ, ਚੇਅਰਮੈਨ ਵਾਟਰ ਸਪਲਾਈ ਦਿੱਲੀ
੫. ਡਾ: ਭਗਵਾਨ ਦਾਸ ਵਰਮਾ ਔਰੰਗਾਬਾਦ
੬. ਮਾਸਟਰ ਨਿਹਾਲ ਸਿੰਘ ਜੀ, ਪ੍ਰਧਾਨ ਸਰਬ ਹਿੰਦ ਨਾਮਧਾਰੀ ਦਰਬਾਰ
੭. ਗਿਆਨੀ ਅਮਰ ਸਿੰਘ, ਸਾਬਕਾ ਮੈਂਬਰ ਦਿੱਲੀ ਗੁਰਦਵਾਰਾ ਪਰਬੰਧਕ ਕਮੇਟੀ
੮. ਪੰਡਿਤ ਸੋਨਾ ਰਾਮ ਜੀ ਰੋਹਤਕ
੯. ਸ: ਜੀ.ਐਸ. ਰਣਧੀਰ ਪਰਵਾਰ
੧੦. ਸੂਬਾ ਹੀਰਾ ਸਿੰਘ

ਫੁੱਲਾਂ ਦੇ ਹਾਰਾਂ ਦੁਆਰਾ ਸੁਆਗਤ ਬਾਅਦ ਤਕਰੀਰਾਂ ਰਾਹੀਂ ਸਨਮਾਨ ਭੇਟ ਕੀਤਾ ਗਿਆ।

## ਮੇਅਰ ਦਾ ਭਾਸ਼ਨ

ਸਭ ਤੋਂ ਪਹਿਲਾਂ ਦਿੱਲੀ ਦੇ ਮੁਖ ਸ਼ਹਿਰੀ ਸ: ਮਹਿੰਦਰ ਸਾਥੀ ਮੇਅਰ ਸਾਹਿਬ ਮੰਚ ਤੇ ਆਏ। ਇਨ੍ਹਾਂ ਦੇ ਗਲ ਵਿਚ ਸ: ਹਰਵਿੰਦਰ ਸਿੰਘ ਹੰਸਪਾਲ ਜੀ ਨੇ ਫੁੱਲਾਂ ਦਾ ਹਾਰ ਪਾ ਕੇ ਸੁਆਗਤ ਕੀਤਾ। ਮੇਅਰ ਸਾਹਿਬ ਨੇ ਆਪਣੇ ਭਾਵ ਇਨੇ ਸ਼ਬਦਾਂ ਵਿਚ ਕਿਹਾ:

...ਪਰਮ ਪੂਜਨੀਯ ਪਰਮ ਸਤਿਕਾਰਯੋਗ ਸਤਿਗੁਰੂ ਜੀ! ਸਾਡੇ ਲਈ ਇਹ ਮਾਨ ਅਤੇ ਗੌਰਵਤਾ ਦੀ ਗੱਲ ਹੈ ਜੋ ਦਿੱਲੀ ਵਿਚ ਹੋਲਾ ਕਰਾਉਣ ਦੀ ਆਗਿਆ ਦਿਤੀ ਇਸ ਵਾਸਤੇ ਰਿਣੀ ਹਾਂ।...ਦਿੱਲੀ ਵਿਚ ਹੋਏ ਹਮਲਿਆਂ ਅਤੇ ਫਸਾਦ ਦੇ ਬਾਵਜੂਦ ਅਸੀਂ ਵਿਰਸਾ ਸੰਭਾਲਕੇ ਰਖਿਆ ਅਤੇ ਆਚਰਨ ਨਹੀਂ ਛੱਡਿਆ...ਮੈਂ ਪਿਛਲੇ ਸਾਲ ਇਕ ਸਾਂਝੀ ਮਿਸ਼ਨ



Sri Satguru Jagjit Singh Ji eLibrary NamdhariElibrary@gmail.com

ਲੈ ਕੇ ਪੰਜਾਬ ਗਿਆ ਸੀ। ਅਕਾਲੀ ਹੈਡਕੁਆਰਟਰ ਨਾਲ ਚਿੱਠੀ ਪੱਤਰ ਕਰਕੇ ਵੀ ਗਏ ਪਰ ਕਿਸੇ ਨੇ ਬੁਲਾਵਾ ਨਹੀਂ ਸੀ ਦਿਤਾ। ਵਾਪਸੀ ਉਤੇ ਅਸੀਂ ਸ੍ਰੀ ਭੈਣੀ ਸਾਹਿਬ ਗਏ। ਸਤਿਗੁਰੂ ਜੀ ਨੇ ਸਾਨੂੰ ਅਪਣੇ ਕਾਰਜ ਵਾਸਤੇ ਬਹੁਤ ਹੌਸਲਾ ਦਿਤਾ। ਜੇ ਅਸੀਂ ਸ੍ਰੀ ਭੈਣੀ ਸਾਹਿਬ ਨਾ ਹੋਕੇ ਆਉਂਦੇ ਤਾਂ ਉਤਸ਼ਾਹਹੀਣ ਹੋ ਜਾਣਾ ਸੀ—ਸਤਿਗੁਰੂ ਜੀ ਦਾ ਮੈਂ ਬਹੁਤ ਰਿਣੀ ਹਾਂ...

## ਚੌਧਰੀ ਭਰਤ ਸਿੰਘ ਜੀ

ਚੌਧਰੀ ਭਰਤ ਸਿੰਘ ਬਾਹਰਲੀ ਦਿੱਲੀ ਤੋਂ ਲੋਕ ਸਭਾ ਲਈ ਮੈਂਬਰ ਚੁਣੇ ਗਏ ਹਨ। ਉਹਨਾ ਕਿਹਾ ਕਿ ਮੈਨੂੰ ਆਕੇ ਬਹੁਤ ਖੁਸ਼ੀ ਹੋਈ ਇਥੇ ਆ ਕੇ ਬਹੁਤ ਗਿਆਨ ਮਿਲਿਆ ਹੈ। ਕੀਰਤਨ ਸੁਣ ਕੇ ਬਹੁਤ ਖੁਸ਼ੀ ਹੋਈ ਹੈ। ਇਹ ਵੇਖ ਕੇ ਬਹੁਤ ਖੁਸ਼ੀ ਹੈ ਕਿ ਨਾਮਧਾਰੀਆਂ ਨੇ ਪੁਰਾਣੀ ਪਰੰਪਰਾ ਨੂੰ ਕਾਇਮ ਰਖਿਆ ਹੈ ਇਹ ਸ਼ਾਕਾਹਾਰੀ ਹਨ ਅਤੇ ਸਾਦੀਆਂ ਅਤੇ ਸਸਤੀਆਂ ਸ਼ਾਦੀਆਂ ਕਰਾਉਂਦੇ ਹਨ ਇਸ ਵਾਸਤੇ ਇਹਨਾਂ ਵਿਚ ਖੁਦਕਸ਼ੀਆਂ ਨਹੀਂ ਹੁੰਦੀਆਂ।

## ਲਾਲਾ ਗਣੇਸ਼ ਦਾਸ

ਮੈਨੂੰ ਖੁਸ਼ੀ ਹੈ ਕਿ ਇਸ ਦੇਸ਼ ਦੇ ਗੁਰੂ ਮਹਾਰਾਜ ਦੇ ਦਰਸ਼ਨ ਕਰ ਰਿਹਾ ਹਾਂ। ਇਥੇ ਆ ਕੇ ਬਹੁਤ ਪਰਸੰਨ ਹੋਇਆ ਹਾਂ।

## ਡਾ: ਭਗਵਾਨ ਦਾਸ ਵਰਮਾ

ਮੈਂ ਮਹਾਰਾਸ਼ਟਰ ਤੋਂ ਆਇਆ ਹਾਂ ਸ: ਹਰਭਜਨ ਸਿੰਘ ਔਰੰਗਾਬਾਦ ਅਤੇ ਸੂਬਾ ਹਰਬੰਸ ਸਿੰਘ ਢੱਲੀ ਲੈ ਕੇ ਆਏ ਹਨ। ਮੇਰੀ ਜ਼ਿੰਦਗੀ ਦਾ ਇਹ ਪਹਿਲਾ ਮੌਕਾ ਹੈ ਜੋ ਏਡਾ ਵਡਾ ਧਰਮ ਸੰਮੇਲਨ ਵੇਖ ਰਿਹਾ ਹਾਂ...। ਧਰਮ ਪ੍ਰੇਰਨਾ ਦਿੰਦਾ ਹੈ...ਪਰੰਪਰਾ ਅਤੇ ਰੂੜ੍ਹੀ ਵਿਚ ਫਰਕ ਹੁੰਦਾ ਹੈ। ਇਕ ਬਿਰਖ ਦੇ ਪਤੇ ਝੜ ਜਾਂਦੇ ਹਨ ਅਤੇ ਨਵੇਂ ਨਿਕਲ ਆਉਂਦੇ ਹਨ। ਜੇ ਝੜਿਆਂ ਪਤਿਆਂ ਨੂੰ ਗੂੰਦ ਨਾਲ ਜੋੜਨਾ ਚਾਹੋ ਤਾਂ ਉਹ ਰੂੜ੍ਹੀ ਹੈ ਨਵੇਂ ਪਤੇ ਪਰੰਪਰਾ ਹਨ। ਜਦੋਂ 'ਰੰਗਾਂ' ਦੀ ਹੋਲੀ ਸੰਗਾਂ ਦੀ ਹੋਲੀ ਬਣ ਗਈ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਧਾਰਮਕ ਅਤੇ ਸਮਾਜਕ ਚੇਤਨਾ ਲਿਆਂਦੀ।...'ਮੈਂ' ਨੂੰ 'ਹਮ' ਵਿਚ ਮਿਲਾਉਣ ਦੀ ਸ਼ਕਤੀ ਧਰਮ ਵਿਚ ਹੈ। ਕਾਨੂੰਨ ਨੂੰ ਜਿਤਨਾ ਚਿਰ ਨੈਤਿਕ ਸ਼ਕਤੀ ਨਹੀਂ ਮਿਲਦੀ ਕਾਨੂੰਨ ਦਾ ਕੋਈ ਮਤਲਬ ਨਹੀਂ। ਸਤਿਗੁਰੂ ਜਗਜੀਤ ਸਿੰਘ ਜੀ ਕੋਲ ਸੁਰ ਦੀ ਤਾਕਤ ਹੈ ਸ਼ਬਦ ਦੀ ਤਾਂ ਹੈ ਹੀ। ਇਹ ਚੇਤਨਾ ਨੂੰ ਤਾਲ ਵਿਚ ਬੰਨਦੇ ਹਨ। ਇਹ ਹੀ ਤਾਂ ਸਤਿਗੁਰੂ ਦਾ ਕਰਤਵ ਹੁੰਦਾ ਹੈ।

## ਸੰਤ ਤੇਜਾ ਸਿੰਘ ਕੰਵਲ

ਇਸ ਮੌਕੇ ਤੇ ਸੰਤ ਤੇਜਾ ਸਿੰਘ ਕੰਵਲ ਵਲੋਂ ਲਿਖੀ ਗਈ ਸੁਆਗਤੀ ਕਵਿਤਾ ਸਟੇਜ ਸਕੱਤਰ ਨੇ ਹੀ ਪੜ੍ਹ ਕੇ ਸੁਣਾਈ।

## ਮਾਸਟਰ ਨਿਹਾਲ ਸਿੰਘ ਜੀ

ਸਰਬ ਹਿੰਦ ਨਾਮਧਾਰੀ ਦਰਬਾਰ ਦੇ ਪ੍ਰਧਾਨ ਮਾਸਟਰ ਨਿਹਾਲ ਸਿੰਘ ਜੀ ਨੇ ਅਪਨੀ ਤਕਰੀਰ ਵਿਚ ਕਿਹਾ ਕਿ "...ਨਾਮਧਾਰੀ ਮਿਸ਼ਨ ਗੁਰੂ ਨਾਨਕ ਦੇਵ ਜੀ ਦੀ ਸਿਖਿਆ ਦਾ ਪ੍ਰਤੀਕ ਹੈ...ਸਤਿਗੁਰੂ ਰਾਮ ਸਿੰਘ ਜੀ ਨੇ ਚਿੱਟਾ ਝੰਡਾ ਸ੍ਰੀ ਭੈਣੀ ਸਾਹਿਬ ਵਿਚ ਗੱਡਿਆ ਤਾ ਕਿ ਕਾਲੇ ਗੋਰੇ ਹਬਸ਼ੀ ਅਮਰੀਕਨ ਸਭ ਅਮਨ ਨਾਲ ਰਹਿਣ।

## ਗਿਆਨੀ ਅਮਰ ਸਿੰਘ

ਜੇ ਕੋਈ ਸਖਸੀਅਤ ਅਗਵਾਈ ਕਰਨ ਵਾਲੀ ਨਾ ਹੋਵੇ ਤਾਂ ਇਨਾ ਡਸਿਪਲਿਨ ਨਹੀਂ ਹੋ ਸਕਦਾ ਜਿੰਨਾ ਅੱਜ ਅਸੀਂ ਵੇਖ ਰਹੇ ਹਾਂ। ਦਿੱਲੀ ਜਿਥੇ ਨਫਰਤ ਦੇ ਧੂੰਏ ਉਠਦੇ ਰਹੇ ਅਤੇ ਵਿਉਂਤਾਂ ਬਣਦੀਆਂ ਰਹੀਆਂ ਹਨ ਉਥੇ ਇਲਾਹੀ ਕੀਰਤਨ ਨਾਲ ਹਵਾ ਸਾਫ ਹੋ ਜਾਵੇਗੀ। ਸਾਖਸਾਤ ਦਰਸ਼ਨ ਤੋਂ ਬਗੈਰ ਕੋਈ ਗੱਲ ਨਹੀਂ ਚਲ ਸਕਦੀ।

## ਪੰਡਿਤ ਸੋਨਾ ਰਾਮ

ਰੋਹਤਕ ਤੋਂ ਆਏ ਸਿੰਧੀ ਮਹਾਂਪੁਰਸ਼ ਪੰਡਿਤ ਸੋਨਾ ਰਾਮ ਗੁਰਬਾਣੀ ਦੇ ਅਭਿਆਸੀ ਵਿਆਖਿਆਕਾਰ ਹਨ। ਬਹੁਤ ਪ੍ਰੇਮ ਅਤੇ ਵੈਰਾਗਮਈ ਪਰਵਚਨਾਂ ਵਿਚ ਉਹਨਾਂ ਸ਼ਬਦ ਦਾ ਗਾਇਨ ਅਤੇ ਵਿਆਖਿਆ ਕੀਤੀ। ਉਹਨਾਂ ਸ੍ਰੀ ਗਰੰਥ ਸਾਹਿਬ ਵਿਚੋਂ ਪੰਨਿਆਂ ਅਤੇ ਤੁਕਾਂ ਦੇ ਨੰਬਰ ਦਸ ਦਸ ਕੇ ਸਤਿਗੁਰੂ ਦੀ ਮਹਿਮਾ ਦਾ ਵਰਨਣ ਕੀਤਾ ਅਤੇ ਗੁਰੂ ਦੀ ਮੂਰਤ ਦਾ ਧਿਆਨ ਧਰਨ ਦਾ ਉਪਦੇਸ਼ ਕੀਤਾ। ਉਹਨਾਂ ਕਿਹਾ ਭਾਰਤ ਚੰਗੇ ਮਹੌਲ ਬਨਾਉਣ ਵਾਲੇ ਦਾ ਸਦਾ ਰਿਣੀ ਰਹੇਗਾ।

## ਪੰਡਿਤ ਨਰਿੰਜਨ ਦੇਵ ਜੀ

ਕਾਲ ਦੇ ਤਿੰਨ ਹਿਸੇ ਹਨ। ਬੀਤ ਗਿਆ, ਆਉਣ ਵਾਲਾ ਅਤੇ ਵਰਤਮਾਨ। ਹੱਥ ਵਿਚ ਆਉਣ ਵਾਲੇ ਕਾਲ ਦੀ ਅਵਧੀ ਇਕ ਛਿਣ ਹੈ। ਇਕ ਛਿਣ ਦੀ ਸ਼ਕਤੀ ਭੀ ਲਾਹੇਵੰਦ ਹੈ। ਜਿੰਨਾ ਤੇ ਜਿਤਨੀ ਦੇਰ ਦਾਣਾ ਟਿਕ ਸਕਦਾ ਹੈ ਉਤਨੀ ਦੇਰ ਦੀ ਸ਼ਕਤੀ ਤਾਰ ਦਿੰਦੀ ਹੈ ਅਤੇ ਉਸ ਦੇ ਉਲਟ ਉਤਨੀ ਦੇਰ ਦੀ ਸ਼ਕਲ ਡੋਬ ਵੀ ਦਿੰਦੀ ਹੈ। ਇਸ ਵਾਸਤੇ



Sri Satguru Jagjit Singh Ji eLibrary NamdhariElibrary@gmail.com

ਵਰਤਮਾਨ ਸਮੇਂ ਦੀ ਨਹੀ ਵਰਤੋਂ ਕਰਨੀ ਚਾਹੀਦੀ ਹੈ।

## ਮਹਾਰਾਜ ਬੀਰ ਸਿੰਘ ਜੀ

ਅੰਤ ਤੇ ਸੰਖੇਪ ਜਿਹੇ ਪ੍ਰਵਚਨ ਵਿਚ ਪੰਡਿਤ ਨਰਿੰਜਨ ਦੇਵ ਜੀ ਦੇ ਕਥਨ ਦੀ ਪੁਸ਼ਟੀ ਕੀਤੀ। ਉਹਨਾਂ ਦਸਿਆ ਕਿ ਇਕ ਛਿਣ ਦੀ ਸੰਗਤ ਜਨਮ ਸਵਾਰ ਸਕਦੀ ਹੈ। ਮਹਾਰਾਜ ਜੀ ਨੇ ਇਕ ਗੱਲ ਸੁਣਾਈ ਕਿ ਉਹ ਕਿਸੇ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਕਰਾਚੀ ਜਾ ਰਹੇ ਸਨ। ਕਿਸੇ ਨੇ ਰਾਹ ਵਿਚ ਪੁਛਿਆ ਕਿ ਕਿਥੇ ਲਿਖਿਆ ਹੈ ਕਿ ਗਊ ਮਾਰਨੀ ਪਾਪ ਹੈ। ਰਤਨ ਸਿੰਘ ਨੂੰ ਪੰਗਤੀ ਯਾਦ ਨਹੀਂ ਸੀ। ਉਸ ਵੇਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਨਿਤਨੇਮ ਕਰ ਰਹੇ ਸਨ ਉਹਨਾਂ ਬੋਲਣਾ ਨਹੀਂ ਸੀ। ਸਤਿਗੁਰੂ ਜੀ ਦੇ ਡਬੇ ਵਿਚ ਚਿਟ ਤੇ ਲਿਖਕੇ ਸਵਾਲ ਭੇਜਿਆ ਗਿਆ ਸਤਿਗੁਰੂ ਜੀ ਨੇ ਲਿਖਤੀ ਉੱਤਰ ਸੰਖੇਪ ਜੋ ਦਿਤਾ ਉਹ ਗੁਰਬਾਣੀ ਦੀ ਤੁਕ ਸੀ।

ਬ੍ਰਾਹਮਣ ਕੈਲੀ ਘਾਤ, ਕੰਞਕਾ
ਅਣਚਾਰੀ ਕਾ ਧਾਨ
ਫਿਟਕ ਫਿਟਕਾ ਕੋੜ ਬਦੀਆ
ਸਦਾ ਸਦਾ ਅਭਿਮਾਨ

ਉਸ ਇਕ ਛਿਣ ਨੇ ਪੁਛਣ ਵਾਲੇ ਦਾ ਜੀਵਨ ਹੀ ਬਦਲ ਦਿਤਾ।

ਅੰਤ ਉਤੇ ਮਹਾਰਾਜ ਜੀ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਪ੍ਰੇਰਨਾ ਕੀਤੀ ਕਿ ਸਤਿਜੁਗ ਅਖਬਾਰ ਨੂੰ ਸਹਿਯੋਗ ਦਿਓ ਸਤਿਜੁਗ ਸਾਡਾ ਪੁਰਾਣਾ ਕੌਮੀ ਅਖਬਾਰ ਹੈ। ਇਸ ਦੀ ਮਜ਼ਬੂਤੀ ਬਹੁਤ ਜ਼ਰੂਰੀ ਹੈ। ਸ੍ਰੀ ਮਹਾਰਾਜ ਜੀ ਨੇ ਸਤਿਜੁਗ ਦੇ ਨਾਲ ਵਰਿਆਮ ਦੂਜਾ ਮਰਿਆਦਾ ਨਿਰੀਖਿਅਕ ਪੜ੍ਹਣ ਲਈ ਦੂਜੇ ਸ਼ਬਦਾਂ ਵਿਚ ਪ੍ਰੇਰਿਆ।

## ਸਤਿਗੁਰੂ ਜੀ ਦੇ ਪ੍ਰਵਚਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਪ੍ਰਵਚਨਾਂ ਨੂੰ ਸੁਣਨ ਵਾਸਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਉਤਸਕ ਸੀ। ਆਪ ਜੀ ਨੇ ਬਹੁਤ ਮਿੱਠੇ ਮਿੱਠੇ ਬੋਲਾਂ ਰਾਹੀਂ ਸੰਖੇਪ ਵਿਚ ਕੁਝ ਬਚਨ ਕਹੇ ਆਪ ਜੀ ਨੇ ਧੰਨ ਗੁਰੂ ਬਾਲਕ ਸਿੰਘ ਜੀ ਸੰਗਤਾਂ ਤੋਂ ਕਹਾ ਕੇ ਫਰਮਾਇਆ ਕਿ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਵਲੋਂ ਸ਼ੁਰੂ ਕੀਤੇ ਗਏ ਮਹੱਲੇ ਦੀ ਅੱਜ ਦੀ ਲੋੜ ਹੈ। ਅੱਜ ਢੰਗ ਭਾਵੇਂ ਬਦਲ ਗਏ ਹਨ ਪਰ ਇਕ ਲੜਾਈ ਮਨੁੱਖ ਦੇ ਅੰਦਰ ਹੀ ਅੰਦਰ ਹੋ ਰਹੀ ਹੈ ਅਤੇ ਘਰ ਨੂੰ ਲੁਟਣ ਵਾਲੇ ਵੀ ਹਨ ਕਬੀਰ ਜੀ ਨੇ ਬਸੰਤ ਵਿਚ ਦਸਿਆ:

ਸਭ ਮਦਮਾਤੇ ਕੋਊ ਨ ਜਾਗ
ਸੰਗ ਹੀ ਚੋਰ ਘਰੁ ਮੁਸਨ ਲਾਗ

... ... ...

ਇਸ ਦੇਹੀ ਕੇ ਅਧਿਕ ਕਾਮ
ਕਹਿ ਕਬੀਰ ਭਜਿ ਰਾਮ ਨਾਮ

ਇਸ ਮੰਤਵ ਵਾਸਤੇ ਸਾਧ ਸੰਗਤ ਵਿਚ ਆਉਣਾ ਚਾਹੀਦਾ ਹੈ ਅਤੇ ਬੁਰੀ ਸੰਗਤ ਤਿਆਗਣੀ ਚਾਹੀਦੀ ਹੈ। ਭਾਈ ਗੁਰਦਾਸ ਦਾ ਕਬਿਤ ਜਿਸ ਵਿਚ ਪਰਮਾਣਾ ਸਹਿਤ ਦਸਿਆ ਹੈ ਕਿ ਕਿਸੇ ਦਿਸ਼ਾ ਦੀ ਹਵਾ, ਕੋਈ ਪਾਣੀ-ਕੋਈ ਅਗਨੀ ਕਿਵੇਂ ਕੰਮ ਸਵਾਰਦੀ ਹੈ ਅਤੇ ਇਹ ਹੀ ਚੀਜ਼ਾਂ ਉਲਟ ਦਿਸ਼ਾ ਵਿਚ ਨੁਕਸਾਨ ਕਰਦੀਆਂ ਹਨ। ਇਵੇਂ ਹੀ ਚੰਗੀ ਸੰਗਤ ਜੀਵਨ ਮੁਕਤ ਕਰਦੀ ਹੈ ਅਤੇ ਮਾੜੀ ਸੰਗਤ ਜਮਪੁਰ ਲੈ ਜਾਂਦੀ ਹੈ।

ਕਾਹੂ ਦਸਾ ਕੇ ਪਵਨ ਗਵਨ ਕੈ ਬਰਖਾ ਹੈ
ਕਾਹੂ ਦਸਾ ਕੇ ਪਵਨ ਬਾਦਰ ਬਿਲਾਤ ਹੈ।
ਕਾਹੂ ਜਲ ਪਾਨ ਕੀਏ ਰਹਤ ਅਰੋਗ ਦੇਹੀ
ਕਾਹੂ ਜਲ ਪਾਨ ਬਿਆਪੈ ਬ੍ਰਿਥਾ ਬਿਲਲਾਤ ਹੈ।
ਕਾਹੂ ਗ੍ਰਿਹ ਕੀ ਅਗਨਿ ਪਾਕ ਸਾਕ ਸਿਧ ਕਰੈ
ਕਾਹੂ ਗ੍ਰਿਹ ਕੀ ਅਗਨਿ ਭਵਨ ਜਰਾਤ ਹੈ
ਕਾਹੂ ਕੀ ਸੰਗਤਿ ਮਿਲਿ ਜੀਵਨ ਮੁਕਤਿ ਹੁਇ
ਕਾਹੂ ਕੀ ਸੰਗਤਿ ਮਿਲ ਜਮਪੁਰਿ ਜਾਤ ਹੈ।

ਅੰਤ ਵਿਚ ਆਪ ਜੀ ਨੇ ਆਗ੍ਰਹਿ ਕੀਤਾ ਕਿ ਹਰ ਰੋਜ਼ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰਿਆ ਕਰੋ ਅਤੇ ਇਕ ਪਾਠ ਇਕ ਮਹੀਨੇ ਵਿਚ ਸੰਪੂਰਨ ਆਦਿ ਸ੍ਰੀ ਗ੍ਰੰਥ ਸਾਹਿਬ ਦਾ ਕਰਿਆ ਕਰੋ।

ਚੰਦਨ ਚੰਦੁ ਨ ਸਰਦ ਰੁਤਿ
ਮੂਲ ਨ ਮਿਟਈ ਘਾਂਮ
ਸੀਤਲ ਥੀਵੈ ਨਾਨਕਾ
ਜਪੰਦੜੋ ਹਰਿ ਨਾਮੁ



Sri Satguru Jagjit Singh Ji eLibrary NamdhariElibrary@gmail.com

## ਕੀਰਤਨ ਮੁਕਾਬਲਾ

ਰਾਤ ਨੂੰ ਨੌਜਵਾਨ ਰਾਗੀ ਜਥਿਆਂ ਦਾ ਕੀਰਤਨ ਮੁਕਾਬਲਾ ਸੀ। ਇਸ ਮੁਕਾਬਲੇ ਵਿਚ ਹਜ਼ੂਰੀ ਸੰਗੀਤਕਾਰ ਸ਼ਾਮਲ ਨਹੀਂ ਸਨ।

ਸਭ ਤੋਂ ਪਹਿਲਾਂ ਤਖ਼ਤਪੁਰ ਨਗਰ ਦਿੱਲੀ ਦੇ ਨੌਜਵਾਨ ਕੀਰਤਨਕਾਰਾਂ ਨੇ ਢੋਲਕ ਛੈਣਿਆਂ ਨਾਲ ਕੀਰਤਨ ਕੀਤਾ। ਉਸ ਬਾਅਦ ਮੁਕਾਬਲੇ ਦਾ ਦਰਬਾਰ ਸਜਿਆ ਜਿਸ ਦੇ ਜੱਜ ਸਨ ਮਾਨਯੋਗ ਮਹਾਰਾਜ ਬੀਰ ਸਿੰਘ ਜੀ ਅਤੇ ਉਸਤਾਦ ਹਰਬੰਸ ਸਿੰਘ ਜੀ। ਸ੍ਰੀ ਗੁਰਚਰਨ ਸਿੰਘ ਸੰਤ ਨਗਰ ਨੇ ਮਾਲਕੌਂਸ ਦੀਆਂ ਸੁਰਾਂ ਵਿਚ ਸ਼ਬਦ ਗਾਇਆ:

"ਬਿਸਰਿ ਗਈ ਸਭ ਤਾਤਿ ਪਰਾਈ"

ਤਬਲੇ ਤੇ ਸੁਖਦੇਵ ਸਿੰਘ ਨੇ ਸਾਥ ਦਿਤਾ।

---

—ਬਾਲੀ ਨਗਰ ਦਿੱਲੀ ਦੇ ਛੋਟੇ ਬੱਚਿਆਂ ਦੇ ਜਥੇ ਵਿਚ ਜੁਝਾਰ ਸਿੰਘ-ਕੁਲਦੀਪ ਸਿੰਘ ਅਤੇ ਬਲਵੰਤ ਸਿੰਘ ਨੇ ਰਾਗ ਜੈ ਜੈ ਵੰਤੀ ਦੀਆਂ ਸੁਰਾਂ ਵਿਚ ਸ਼ਬਦ ਪੜ੍ਹਿਆ:

ਪ੍ਰਭ ਤੇਰੇ ਪਗ ਕੀ ਧੂਰਿ
ਦੀਨ ਦਇਆਲ ਪ੍ਰੀਤਮ ਮਨਮੋਹਨ
ਕਰਿ ਕਿਰਪਾ ਮੇਰੀ ਲੋਚਾ ਪੂਰਿ

—ਨਾਮਧਾਰੀ ਸੰਗੀਤ ਕੇਂਦਰ ਜਲੰਧਰ ਦੇ ਜੱਥੇ ਵਿਚ ਸ੍ਰੀ ਬਲਬੀਰ ਸਿੰਘ, ਸੁਰਿੰਦਰ ਸਿੰਘ, ਸੁਖਦੇਵ ਸਿੰਘ (ਤਬਲਾ) ਨੇ ਦੋ ਸ਼ਬਦ ਪੜ੍ਹੇ। ਪਹਿਲਾ ਬਸੰਤ ਮਹਲਾ ੩ ਦਾ ਸ਼ਬਦ ਬਸੰਤ ਰਾਗ ਵਿਚ ਪੜ੍ਹਿਆ:

ਬਸੰਤੁ ਚੜਿਆ ਫੂਲੀ ਬਨਰਾਇ
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ
ਇਨ ਬਿਧਿ ਇਹੁ ਮਨੁ ਹਰਿਆ ਹੋਇ
ਹਰਿ ਹਰਿ ਨਾਮੁ ਜਪੈ ਦਿਨ ਰਾਤੀ,
ਗੁਰਮੁਖਿ ਹਉਮੈ ਕਢੈ ਧੋਇ।

ਦੂਸਰਾ ਸ਼ਬਦ ਮਾਲਕੌਂਸ ਦੀਆਂ ਸੁਰਾਂ ਵਿਚ ਧਰੁਪਦ ਸ਼ੈਲੀ ਵਿਚ ਗਾਇਆ ਗਿਆ।

ਹੇ ਗੋਬਿੰਦ, ਹੇ ਗੋਪਾਲ,
ਹੇ ਦਇਆਲ ਲਾਲ।

... ... ... ...

ਸ੍ਰੀ ਸ਼ੇਰ ਸਿੰਘ (ਸਿਤਾਰ) ਧਰਮ ਸਿੰਘ, ਸੰਤੋਖ ਸਿੰਘ (ਸਰੋਦ) ਅਤੇ ਸਰਿੰਦਰ ਸਿੰਘ (ਤਬਲਾ) ਦੇ ਜਥੇ ਨੇ ਆਪਣੇ ਆਪਣੇ ਸਾਜ਼ਾਂ ਦੀ ਸੰਗਤ ਵਿਚ ਪਹਾੜੀ ਦੀਆਂ ਸੁਰਾਂ ਵਿਚ ਫਰੀਦ ਜੀ ਦਾ ਸਲੋਕ ਗਾਇਆ:

ਕਾਗਾ ਕਰੰਗ ਢਢੋਲਿਆ, ਸਗਲਾ ਖਾਇਆ ਮਾਸੁ
ਏ ਦੁਇ ਨੈਨਾ ਮਤਿ ਛੁਹਉ, ਪਿਰ ਦੇਖਨ ਕੀ ਆਸ

ਮਹਿਲ ਸਿੰਘ ਸੰਤ ਨਗਰ ਦੇ ਜਥੇ ਨੇ ਇਕ ਸ਼ਬਦ ਪੜ੍ਹਿਆ ਅਤੇ ਇਕ ਅਮਰੀਕ ਸਿੰਘ ਹਰਜੀਤ ਸਿੰਘ (ਅਮਰੀਕਾ) ਦੇ ਜਥੇ ਨੇ ਭੀਮ ਪਲਾਸੀ ਵਿਚ "ਬਿਸਰਿ ਗਈ ਸਭ ਤਾਤਿ ਪਰਾਈ" ਦਾ ਕੀਰਤਨ ਕੀਤਾ।

## ਸੰਤ ਬਲਕਾਰ ਸਿੰਘ

ਇਸ ਨਾਲ ਇਸ ਮੁਕਾਬਲੇ ਦੀ ਤਾਂ ਸਮਾਪਤੀ ਹੋਈ ਪਰ ਇਕ ਵੰਨਗੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਪੇਸ਼ ਕੀਤੀ ਗਈ। ਇਹ ਸੀ ਪੁਰਾਤਨ ਸਿੱਖਾਂ ਵਲੋਂ ਕੀਰਤਨ ਦੀ ਢੋਲਕ ਛੈਣਿਆਂ ਦੀ ਸ਼ੈਲੀ। ਸੰਤ ਬਲਕਾਰ ਸਿੰਘ ਨੇ ਅਗਵਾਈ ਕੀਤੀ ਅਤੇ ਬਹੁਤ ਹੀ ਬੇਤਾਲ ਕੇ ਢੋਲਕ ਵਜਾਈ। ਦੋ ਸ਼ਬਦ ਲੰਮੀਆਂ ਹੇਕਾਂ ਵਿਚ ਉਹਨਾਂ ਪੜ੍ਹਕੇ ਸੁਣਾਏ।

... ... ... ...

## ਹੱਲੇ ਦਾ ਦੀਵਾਨ

ਉਪਰੰਤ ਸ੍ਰੀ ਜੀਵਨ ਨਗਰ ਸਾਹਿਬ ਦੇ ਨੌਜਵਾਨ ਜਥੇਦਾਰ ਗੁਰਦੀਪ ਸਿੰਘ ਤੋਂ ਲੈ ਕੇ ਜਥੇਦਾਰ ਮੇਵਾ ਸਿੰਘ ਸੰਤ ਨਗਰ ਅਤੇ ਜਥੇਦਾਰ ਬਲਵੰਤ ਸਿੰਘ ਕਪੂਰਾ ਵਰਗੇ ਵਿਦਵਾਨ ਜਥੇਦਾਰਾਂ ਰਾਤ ਦੇ ਦਸੇ ਤਕ ਹੱਲੇ ਦੇ ਦੀਵਾਨ ਲਾਏ।

ਇਹ ਪਹਿਲੇ ਦਿਨ ਦਾ ਪ੍ਰੋਗਰਾਮ ਸੀ।

(ਬਾਕੀ ਅਗਲੇ ਅੰਕ ਵਿਚ)





Sri Satguru Jagjit Singh Ji eLibrary NamdhariElibrary@gmail.com

# ਬਲਬੀਰ ਸਿੰਘ ਕੰਵਲ

ਤ੍ਰਲੋਚਨ ਸਿੰਘ ਭਾਟੀਆ

'ਪ੍ਰਦੇਸੀ ਬੈਠ ਕੇ ਵੀ ਆਪਣੇ ਵਿਰਸੇ ਨੂੰ ਪ੍ਰਣਾਇਆ ਜਾ ਸਕਦਾ।'

'ਬਲਬੀਰ, ਦੁਨੀਆਂ ਵਿਚ ਭਾਰਤੀ-ਕੁਸ਼ਤੀ ਉਪਰ ਇਕ ਅਥਾਰਟੀ ਹੈ।'

'ਭਾਰਤੀ ਘੁਲਾਟੀਆਂ ਬਾਰੇ ਖੋਜ ਕਰਨੀ—ਇਹ ਬਲਬੀਰ ਨੇ ਆਪਣੇ ਲਈ ਉਮਰ ਭਰ ਦਾ ਘੋਲ ਬਣਾ ਲਿਆ ਹੈ।'

'ਬਲਬੀਰ ਦੇ ਘਰ ਜਾ ਕੇ ਇਸ ਤਰ੍ਹਾਂ ਲਗਦਾ ਹੈ ਜਿਵੇਂ ਤੁਸੀਂ ਕਿਸੇ ਬ੍ਰਿਟਿਸ਼ ਮਿਊਜ਼ੀਅਮ ਵਿਚ ਪਹੁੰਚ ਗਏ ਹੋਵੋ।'

'ਬਲਬੀਰ ਨੇ ਬਰਤਾਨੀਆ ਵਿਚ ਵੀ ਨਿੱਕਾ ਜਿਹਾ ਪੰਜਾਬ ਬਣਾ ਰੱਖਿਆ ਹੈ।'

ਇਹ ਚੰਦ ਬਰਤਾਨਵੀ ਪ੍ਰੈਸ ਦੀਆਂ ਕੁਝ ਟੂਕਾਂ ਜਿਹੜੀਆਂ ਸਾਡੇ ਪ੍ਰਵਾਸੀ ਦੂਤ ਬਲਬੀਰ ਸਿੰਘ ਕੰਵਲ ਦੇ ਕੰਮ ਦਾ ਮੁਲਾਂਕਣ ਕਰਦੀਆਂ ਹਨ। ਅੱਜ ਕਲ੍ਹ ਉਸ ਨੂੰ ਰੁਸਤਮ-ਅਜਾਇਬ ਘਰ' ਬਣਾਉਣ ਦਾ ਖ਼ਬਤ ਚੜ੍ਹਿਆ ਹੋਇਆ ਹੈ ਤੇ ਜਦੋਂ ਉਸ ਨੂੰ ਕਿਸੇ ਖ਼ਬਤ ਦਾ ਝੱਲ ਸਵਾਰ ਹੁੰਦਾ ਹੈ ਤਾਂ ਉਹ ਪੂਰੀ ਤਰ੍ਹਾਂ ਜਨੂੰਨੀ ਬਣ ਕੇ ਉਸ ਦੇ ਪਿਛੇ ਪੈ ਜਾਂਦਾ ਹੈ... 'ਫਿਰ ਮੈਨੂੰ ਕਦੇ ਕੋਈ ਹੋਰ ਸੁਪਨਾ ਵੀ ਨਹੀਂ ਆਇਆ,' ਉਹ ਅੱਖਾਂ ਨਾਲ ਮੁਸਕਰਾਂਦਾ ਤੁਹਾਨੂੰ ਆਪਣੇ ਜਨੂੰਨ ਬਾਰੇ ਦਸੇਗਾ।

ਜਦੋਂ ਮੈਂ ਉਸ ਦੇ ਸੰਗ੍ਰਹਿ ਦੀ ਸੂਚੀ ਪੜ੍ਹੀ ਤਾਂ ਮੈਂ ਹੈਰਾਨ ਰਹਿ ਗਿਆ। ਸੂਚੀ ਵਿਚ ਸੈਂਕੜੇ ਅਜਿਹੀਆਂ ਤਸਵੀਰਾਂ ਤੇ ਅਦੁੱਤੀ ਦਸਤਾਵੇਜ਼ ਹਨ ਜਿਹਨਾਂ ਨੂੰ ਪੜ੍ਹ ਕੇ ਹੀ ਸਾਡਾ ਸਿਰ ਗੌਰਵ ਨਾਲ ਉਚਾ ਹੋ ਜਾਂਦਾ ਹੈ। ਅਸੀਂ ਦੁਨੀਆਂ ਨੂੰ ਕਿੰਨੇ ਸ਼ਕਤੀਸ਼ਾਲੀ ਮੱਲ ਦਿਤੇ ਹਨ। ਕੁਝ ਸੰਗ੍ਰਹਿ ਵਸਤਾਂ ਮੁਲਾਹਜ਼ਾ ਹੋਣ :—

* ਰੁਸਤਮ ਪਹਿਲਵਾਨ (ਮਲੂਕੀ ਸਦੀ ਦੇ ਅੰਤ ਵਿਚ)।
* ਹਾਥੀ ਪਹਿਲਵਾਨ (ਜਹਾਂਗੀਰੀ ਕਾਲ)।
* ਉਸਤਾਦ ਨੂਰਉਦੀਨ ਪਹਿਲਵਾਨ ੧੭੭੫-੧੮੧੦ ਜਿਸ ਨੂੰ ਅਜੋਕੀ ਕੁਸ਼ਤੀ ਦਾ ਪਿਤਾਮਾ ਮੰਨਿਆ ਜਾਂਦਾ ਹੈ ਤੇ ਜਿਸਦੀ ਕਬਰ ਉਪਰ ਮਹਾਰਾਜਾ ਰਣਜੀਤ ਸਿੰਘ ਨੇ ਯਾਦਗਾਰੀ ਪੱਥਰ ਲਗਵਾਇਆ ਸੀ।
* ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਪਹਿਲਵਾਨ ਸਦੀਕਾ।
* ਮਹਾਰਾਜਾ ਸ਼ੇਰ ਸਿੰਘ ਸਦੀਕੇ ਗਿਲਗੂ ਅਤੇ ਸੂਚਾਲ ਪਹਿਲਵਾਨ ਦੀ ਕੁਸ਼ਤੀ ਲਾਹੌਰ ਕਿਲ੍ਹੇ ਦੀ ਇਕ ਬਾਰੀ ਵਿਚੋਂ ਦੇਖ ਰਿਹਾ ਹੈ।
* ਕੁਦਾਲ ਪਹਿਲਵਾਨ ਅੰਮ੍ਰਿਤਸਰੀ ਅਤੇ ਕਾਲੇ ਨਾਗ ਜੰਗੀ ਦੀ ਕੁਸ਼ਤੀ (੧੮੮੩)।
* ਬੂਟਾ ਪਹਿਲਵਾਨ ਜਿਸ ੧੮੭੦ ਵਿਚ ਲੰਡਨ ਵਿਖੇ ਕੁਸ਼ਤੀ ਲੜੀ ਤੇ ਮਲਕਾ ਵਿਕਟੋਰੀਆ ਤੋਂ ਸਨਮਾਨ ਪ੍ਰਾਪਤ ਕੀਤਾ।
* ਇਕ ਸਿੱਖ ਘੁਲਾਟਾ ਜਿਸ ਮੋਢਿਆਂ ਉਪਰ ਪੰਜ ਪਹਿਲ-ਵਾਨ ਚੁਕ ਰਖੇ ਹਨ।
* ਕਿੱਕਰ ਸਿੰਘ ਪਹਿਲਵਾਨ ਹਿੰਦ ਦਾ ਦਿਉ ਜਿਸ ਦੀ ਛਾਤੀ ੮੦ ਇੰਚ ਚੌੜੀ ਸੀ ਤੇ ਇਹ ਅਜੇ ਵੀ ਦੁਨੀਆ ਦਾ ਰਿਕਾਰਡ ਹੈ।
* ਅਹਿਮਦ ਬਖ਼ਸ਼ ਅੰਮ੍ਰਿਤਸਰੀ ਜਿਸ ਆਪਣੇ ਚੌੜੇ ਚਕਲੇ ਮੋਢਿਆਂ ਉਪਰ ਤਿੰਨ ਪਹਿਲਵਾਨ ਚੁਕ ਰਖੇ ਹਨ।

...ਗਾਮਾ, ਕਿਸ਼ਨ ਸਿੰਘ ਰਾਏਪੁਰ ਡੱਬਵਾਲਾ, ਬਤਨ ਸਿੰਘ ਪਹਿਲਵਾਨ, ਪੰਡਤ ਚੂੰਨੀ ਲਾਲ ਸੁਲਤਾਨ-ਏ-ਹਿੰਦ, ਸੰਸਾਰ ਚੈਂਪੀਅਨ ਕਰੀਮ ਬਖ਼ਸ਼, ਗੁੱਟਾ ਸਿੰਘ ਗਾਮਾ, ਦੇਲਾ ਟਾਈਗਰ, ਇਮਾਮ ਬਖ਼ਸ਼, ਕੱਲਾ, ਹਮੀਦਾ, ਮੀਰਾ ਬਖ਼ਸ਼ ਅੰਮ੍ਰਿਤਸਰੀ, ਅੰਮ੍ਰਿਤਸਰੀ ਅਖਾੜਾ, ਸਿਆਲਕੋਟੀ ਅਖਾੜਾ, ਲਾਹੌਰੀ ਅਖਾੜਾ...ਤੇ ਇਹ ਸੂਚੀ ਮੁੱਕਣ ਤੇ ਨਹੀਂ ਆਉਂਦੀ।

ਬਲਬੀਰ ਸਿੰਘ ਕੰਵਲ ਆਪਣੇ ਆਪ ਵਿਚ ਇਕ ਸੰਸਥਾ ਬਣ ਚੁਕਿਆ ਹੈ। ਪਿਛੇ ਜਿਹੇ ਬਰਤਾਨਵੀ ਤੇ ਪਾਕਿ-ਸਤਾਨੀ ਪ੍ਰੈਸ ਵਿਚ ਇਕ ਲੰਬੀ ਚਰਚਾ ਚਲਦੀ ਰਹੀ ਕਿ ਗਾਮਾ ਸੰਸਾਰ ਚੈਂਪੀਅਨ ਵੀ ਬਣਿਆ ਸੀ। ਕੰਵਲ ਮਸਤ ਹੋ ਕੇ ਇਸ ਚਰਚਾ ਦਾ ਤਮਾਸ਼ਾ ਦੇਖਦਾ ਰਿਹਾ ਤੇ ਜਦੋਂ ਗੱਲ ਸਿਖਰ ਉਪਰ ਪੁਜੀ ਤਾਂ ਉਸ ਅਜਿਹੀ ਦਸਤਾਵੇਜ਼ ਪੇਸ਼ ਕਰ ਦਿਤੀ ਜਿਸ ਨੂੰ ਪੜ੍ਹ ਕੇ ਬੜ ਆਲੋਚਕ ਖਸਿਆਨੇ ਜਿਹੇ ਹੋ ਕੇ ਰਹਿ ਗਏ। ਬਲਬੀਰ ਨੇ ਇਹ ਗੱਲ ਸਥਾਪਤ ਕਰ ਦਿਤੀ ਕਿ ਗਾਮਾ ਦੁਨੀਆਂ ਦਾ ਚੈਂਪੀਅਨ ਪਹਿਲਵਾਨ ਰਿਹਾ ਹੈ।



Sri Satguru Jagjit Singh Ji eLibrary NamdhariElibrary@gmail.com

ਬਲਬੀਰ ਸਿੰਘ ਕੰਵਲ ਨੂੰ ਇਹ ਚੇਟਕ ਕਿਵੇਂ ਲੱਗੀ? ਇਕ ਨਿੱਕੀ ਜਿਹੀ ਘਟਨਾ ਨੇ ਉਸ ਦੀ ਜ਼ਿੰਦਗੀ ਦੇ ਰੁਖ ਨੂੰ ਹੀ ਪਲਟ ਦਿਤਾ। ਇਹ ਗੱਲ ੧੯੫੨ ਦੀ ਹੈ। ਬਲਬੀਰ ਸਿੰਘ ਦੀ ਭੇਂਟ ਗਾਮਾ ਪਹਿਲਵਾਨ ਨਾਲ ਹੋ ਗਈ। ਉਸ ਸਹਿਜ ਸੁਭਾਅ ਹੀ ਪੁਛ ਲਿਆ, "ਜੁਆਨ! ਕੀ ਸ਼ੁਗ਼ਲ ਹੈ ਤੇਰਾ?"

"ਕਵੀ ਹਾਂ! ਕਵਿਤਾਵਾਂ ਲਿਖਦਾ ਹਾਂ..."

"ਸਾਡੀ ਕਵਿਤਾ ਕੌਣ ਲਿਖੇਗਾ? ਉਫ! ਕਿੰਨੇ ਪਹਿਲਵਾਨ ਅਣਗੌਲੇ ਹੀ ਮਰ ਗਏ ਹਨ। ਇਨ੍ਹਾਂ ਬਾਰੇ ਕੌਣ ਲਿਖੇਗਾ ਤੇ ਬਲਬੀਰ ਨੇ ਤਹੀਆ ਕਰ ਲਿਆ ਕਿ ਮੈਂ ਹੁਣ ਉਨ੍ਹਾਂ ਸ਼ਕਤੀਸ਼ਾਲੀ ਮਨੁੱਖਾਂ ਦੀਆਂ ਕਵਿਤਾਵਾਂ ਹੀ ਲਿਖਾਂਗਾ ਜਿਹੜੇ ਸਾਡਾ ਵਿਰਸਾ ਹਨ...ਸਾਡੇ ਅਮੀਰ ਸਭਿਆਚਾਰ ਦੇ ਚਿੰਨ੍ਹ ਹਨ ਤੇ ਉਹੀ ਗਲ ਹੋਈ। ਇਕ ਉਮਰ ਤੇ ਸਾਰੀ ਪੂੰਜੀ ਲਗਾਕੇ ਕੰਵਲ ਨੇ ਭਾਰਤੀ ਪਹਿਲਵਾਨਾਂ ਉਪਰ ਅਜਿਹੀ ਪੁਸਤਕ ਲਿਖ ਦਿਤੀ ਜਿਸ ਨੂੰ ਪਹਿਲਵਾਨਾਂ ਦਾ ਮਹਾਂਕੋਸ਼ ਕਿਹਾ ਜਾ ਸਕਦਾ ਹੈ। ੧੯੬੫ ਵਿਚ ਇਸ ਪੁਸਤਕ ਨੂੰ ਯੂਨੈਸਕੋ ਐਵਾਰਡ ਮਿਲ ਚੁਕਿਆ ਹੈ। ਹੁਣ ਉਸਦੀ ਪੁਸਤਕ 'ਗਾਮਾ-ਗੀਗਾ ਦਾ ਤੇਰ' ਆ ਰਹੀ ਹੈ। ਏਸੇ ਦਿਨ ਉਪਰ ਉਸ ਦੀ ਤੀਜੀ ਪੁਸਤਕ 'SIKH STRONG MEN OVER THE YEARS' ਹੋਵੇਗੀ। ਏਸੇ ਸੰਪਰਤ ਵਿਚ ਉਹ ਸਾਨੂੰ ਪੰਜਾਬ ਦੇ ਕੋੜਿਆਲਾਂ ਬਾਰੇ ਵੀ ਇਕ ਪੁਸਤਕ ਦੇ ਚੁਕਿਆ ਹੈ।

## ਖੇਡ-ਲਿਖਾਰੀ ਬਲਬੀਰ ਸਿੰਘ ਕੰਵਲ ਦਾ ਸਨਮਾਨ

ਜਲੰਧਰ—ਪੰਜਾਬ ਕਬੱਡੀ ਐਸੋਸੀਏਸ਼ਨ ਵਲੋਂ ਪਿਛਲੇ ਦਿਨੀਂ ਪੰਜਾਬੀ ਦੇ ਪ੍ਰਸਿਧ ਖੇਡ ਲਿਖਾਰੀ ਬਲਬੀਰ ਸਿੰਘ ਕੰਵਲ ਦਾ ਸਨਮਾਨ ਕੀਤਾ ਗਿਆ। ਸਨਮਾਨ ਵਿਚ ਉਨ੍ਹਾਂ ਨੂੰ ਸਾਬਕਾ ਮੰਤਰੀ ਸ: ਉਮਰਾਓ ਸਿੰਘ ਤੇ ਕਬਡੀ ਐਸੋਸੀਏਸ਼ਨ ਦੇ ਪ੍ਰਧਾਨ ਸ: ਇੰਦਰਜੀਤ ਸਿੰਘ ਨੇ ਸਮੇਂਟ ਭੇਂਟ ਕੀਤਾ। ਸਪੋਰਟਸ ਸਕੂਲ ਦੇ ਪ੍ਰਿੰਸੀਪਲ ਸ: ਤ੍ਰਿਲੋਚਨ ਸਿੰਘ ਨੇ ਵੀ ਸ: ਕੰਵਲ ਦਾ ਸਨਮਾਨ ਕੀਤਾ ਅਤੇ ਉਹਨਾਂ ਬਾਰੇ ਜਾਣਕਾਰੀ ਵੀ ਦਿਤੀ। ਸ: ਉਮਰਾਓ ਸਿੰਘ ਤੇ ਸ: ਇੰਦਰਜੀਤ ਸਿੰਘ ਨੇ ਰਾਜ ਵਿਚ ਖੇਡਾਂ ਨੂੰ ਹੋਰ ਉਤਸ਼ਾਹਤ ਕੀਤੇ ਜਾਣ ਦੀ ਲੋੜ ਤੇ ਜ਼ੋਰ ਦਿਤਾ।

## ਸ਼ੁਭ ਅਨੰਦ ਕਾਰਜ



ਸੇਠ ਰਾਜਪਾਲ ਸਿੰਘ ਸਪੁੱਤਰ ਸੇਠ ਅਵਤਾਰ ਸਿੰਘ, ਨਵੀਨ ਕਲਾਥ ਹਾਊਸ ਮੰਡੀ ਦਾ ਸ਼ੁਭ ਅਨੰਦ ਕਾਰਜ ਬੀਬੀ ਰਾਣੀ ਸਪੁੱਤਰੀ ਸ: ਬਲਬੀਰ ਸਿੰਘ ਧਰਬੰਦਾ ਮੁੱਦਕ ਨਗਰ ਨਿਵਾਸੀ ਨਾਲ ੩ ਫਰਵਰੀ ੧੯੮੫ ਨੂੰ ਨਾਮਧਾਰੀ ਧਰਮਸਾਲਾ ਮੰਡੀ ਵਿਖੇ ਸੂਬਾ ਜੈਮਲ ਸਿੰਘ ਜੀ ਦੀ ਦੇਖ ਰੇਖ ਹੇਠ ਹੋਇਆ।

ਸਹੁ ਕਹੈ ਸੋ ਕੀਜੈ,
ਤਨੁ ਮਨੋ ਦੀਜੈ, ਐਸਾ ਪਰਮਲੁ ਲਾਈਐ
ਏਵ ਕਹਹਿ ਸੋਹਾਗਣੀ ਭੈਣੇ,
ਇਨੀ ਬਾਤੀ ਸਹੁ ਪਾਈਐ

ਗੁਰੂ ਨਾਨਕ



Sri Satguru Jagjit Singh Ji eLibrary NamdhariElibrary@gmail.com

# ਵਿਸ਼ਵ ਕੱਪ ਕ੍ਰਿਕਟ ਦਾ ਲੇਖਾ-ਜੋਖਾ

ਭਾਰਤ ਨੇ ਮੈਲਬੋਰਨ ਵਿਚ ਹੋਏ ਬੈਨਸਨ ਐਂਡ ਹੈਜਸ ਵਿਸ਼ਵ ਕ੍ਰਿਕਟ ਚੈਂਪੀਅਨਸ਼ਿਪ ਜਿੱਤ ਕੇ ਜੋ ਨਵੇਂ ਰਿਕਾਰਡ ਕਾਇਮ ਕੀਤੇ ਹਨ ਉਨ੍ਹਾਂ ਵਿਚ ਨਵੇਂ ਵਿਕਟ ਕੀਪਰ ਸਦਾ ਨੰਦ ਵਿਸ਼ਵ ਨਾਥ ਦਾ ਮਹੱਤਵਪੂਰਨ ਯੋਗਦਾਨ ਹੈ। ਉਨ੍ਹਾਂ ਨੇ ਸਿਰਫ ਇਸ ਮੁਕਾਬਲੇ ਵਿਚ ਇਕ ਦਰਜਨ ਖਿਡਾਰੀਆਂ ਨੂੰ ਆਊਟ ਕਰਨ ਦਾ ਸਿਹਰਾ ਪ੍ਰਾਪਤ ਕੀਤਾ। ਇਨ੍ਹਾਂ ਵਿਚ ੯ ਕੈਚ ਅਤੇ ੩ ਸਟੰਪ ਸ਼ਾਮਲ ਹਨ ਜਦਕਿ ਬਾਕੀ ਸਭ ਟੀਮਾਂ ਦੇ ਵਿਕਟ ਕੀਪਰਾਂ ਨੇ ਸਾਂਝੇ ਤੌਰ ਤੇ ੧੫ ਖਿਡਾਰੀ ਆਊਟ ਕੀਤੇ। ਵਿਸ਼ਵ ਨਾਥ ਨੇ ਇੰਗਲੈਂਡ ਦੇ ੫ ਖਿਡਾਰੀਆਂ ਨੂੰ ਆਊਟ ਕਰਕੇ ਵੀ ਇਕ ਦਿਨਾਂ ਕ੍ਰਿਕਟ ਮੈਚਾਂ ਵਿਚ ਨਵਾਂ ਰਿਕਾਰਡ ਕਾਇਮ ਕੀਤਾ ਹੈ। ਕ੍ਰਿਕਟ ਆਂਕੜਾ ਮਾਹਿਰ ਸ੍ਰੀ ਵਿਨੋਦ ਸ਼ਰਮਾ ਅਨੁਸਾਰ ਭਾਰਤ ਦੇ ਛੇ ਅਜਿਹੇ ਬੱਲੇਬਾਜ਼ ਹਨ ਜਿਨ੍ਹਾਂ ਦੀ ਮੈਚਾਂ ਵਿਚ ਦੌੜਾਂ ਦੀ ਔਸਤ ੪੦ ਤੋਂ ਉਪਰ ਹੈ ਜਦਕਿ ਇਸ ਮੁਕਾਬਲੇ ਦੇ ਫਾਈਨਲ ਵਿਚ ਪੁਜਣ ਵਾਲੀ ਪਾਕਿਸਤਾਨੀ ਟੀਮ ਦਾ ਕੋਈ ਵੀ ਖਿਡਾਰੀ ੪੦ ਦੌੜਾਂ ਦੀ ਔਸਤ ਨਾ ਬਣਾ ਸਕਿਆ। ਬੱਲੇਬਾਜ਼ੀ ਦੀ ਔਸਤ ਵਿਚ ਉਨ੍ਹਾਂ ਦਾ ਹਰਫਨ ਮੌਲਾ ਖਿਡਾਰੀ ਇਮਰਾਨ ਖਾਨ ਸਭ ਤੋਂ ਉਪਰ ਹੈ ਜਦ ਕਿ ਉਸ ਦੀ ਬੱਲੇਬਾਜ਼ੀ ਦੀ ਔਸਤ ਕੇਵਲ ੩੮.੬੬ ਹੈ। ਭਾਰਤ ਦੇ ਕਪਤਾਨ ਸ੍ਰੀ ਸੁਨੀਲ ਗਾਵਸਕਰ ਦੀ ਬੱਲੇਬਾਜ਼ੀ ਦੀ ਔਸਤ ੮੪, ਕਪਿਲਦੇਵ ੮੩, ਵੈਂਗ ਸਰਕਰ ੬੩.੫੦, ਸ੍ਰੀਕਾਂਤ ੫੯.੫੦ ਅਜ਼ਰੂਦੀਨ ੪੬.੭੫ ਅਤੇ ਰਵੀ ਸ਼ਾਸਤਰੀ ਦੀ ਔਸਤ ੪੧.੫੦ ਹੈ। ਮੁਕਾਬਲੇ ਵਿਚ ਬੱਲੇਬਾਜ਼ੀ ਦੀ ਔਸਤ ਵਿਚ ਅਸਟਰੇਲੀਆ ਦੇ ਸਾਈਮਨ ਡੇਨੀਅਲ ਸਰਵਸਰੇਸ਼ਠ ਰਹੇ ਕਿਉਂਕਿ ਕੇਵਲ ਇਕ ਵਾਰ ਆਊਟ ਹੋਣ ਦੇ ਕਾਰਨ ਉਹਨਾਂ ਦੀ ਬੱਲੇਬਾਜ਼ੀ ਦੀ ਔਸਤ ੯੧ ਹੈ। ਭਾਰਤ ਦੇ ਸਲਾਮੀ ਬੱਲੇਬਾਜ਼ ਸ੍ਰੀ ਕਾਂਤ ਇਕ ਮਾਤਰ ਅਜਿਹੇ ਖਿਡਾਰੀ ਹਨ ਜਿਨ੍ਹਾਂ ਨੇ ੨੩੮ ਦੌੜਾਂ ਬਣਾਈਆਂ ਜਦ ਕਿ ਬਾਕੀ ਕਿਸੇ ਟੀਮ ਦਾ ਕੋਈ ਵੀ ਬੱਲੇਬਾਜ਼ ੨੦੦ ਦੌੜਾਂ ਦੀ ਸਕੋਰ ਨਹੀਂ ਸਕਿਆ। ਵੈਸਟ ਇੰਡੀਜ਼ ਦੇ ਗੇਂਦਬਾਜ਼ ਗਾਰਨਰ ਗੇਂਦਬਾਜ਼ੀ ਦੀ ਔਸਤ ਵਿਚ ਸਰਵਸਰੇਸ਼ਠ ਰਹੇ ਹਨ। ਉਹਨਾਂ ਨੇ ਛੇ ਵਿਕਟਾਂ ਲੈ ਕੇ ੧੨-੫੦ ਦੀ ਔਸਤ ਪ੍ਰਾਪਤ ਕੀਤੀ ਅਤੇ ਉਹਨਾਂ ਦਾ ਰਨ ਰੇਟ ਕੇਵਲ ੨.੨ ਸੀ ਜਦਕਿ ਸਭ ਤੋਂ ਜ਼ਿਆਦਾ ਭਾਰਤ ਦੇ ਸਪਿਨਰ ਸ਼ਿਵਰਾਮ ਕ੍ਰਿਸ਼ਨਨ ਨੇ ਕੀਤੀ। ਉਹਨਾਂ ਨੇ ਸਾਰੇ ਮੁਕਾਬਲੇ ਵਿਚ ੫੦ ਖਿਡਾਰੀਆਂ ਨੂੰ ਆਊਟ ਕੀਤਾ। ਭਾਰਤੀ ਤੇਜ਼ ਗੇਂਦਬਾਜ਼ ਕਪਿਲ ਦੇਵ ਨੇ ਸਭ ਮੈਚਾਂ ਵਿਚ ੯ ਵਿਕਟਾਂ ਉਖਾੜੀਆਂ। ਉਹਨਾਂ ਦੀ ਗੇਂਦਬਾਜ਼ੀ ਦੀ ਔਸਤ ੧੪.੮੮ ਰਹੀ ਅਤੇ ਰਨ ਰੇਟ ੨.੯੨ ਰਿਹਾ। ਏਸੇ ਦੌਰਾਨ ਕਰਨ ਟਕ ਦੇ ਮੁਖ ਮੰਤਰੀ ਸ੍ਰੀ ਰਾਮ ਕ੍ਰਿਸ਼ਨ ਹੈਗੜੇ ਨੇ ਆਸਟਰੇਲੀਆ ਵਿਚ ਵਿਸ਼ਵ ਕ੍ਰਿਕਟ ਕੱਪ ਜਿੱਤਣ ਵਾਲੀ ਭਾਰਤੀ ਕ੍ਰਿਕਟ ਟੀਮ ਨੂੰ ਵਧਾਈ ਦਿਤੀ ਹੈ। ਆਪਣੇ ਇਕ ਵਧਾਈ ਸੁਨੇਹੇ ਵਿਚ ਉਹਨਾਂ ਨੇ ਕਿਹਾ ਕਿ ਇਹ ਜਿੱਤ ਭਾਰਤੀ ਖਿਡਾਰੀਆਂ ਦੀ ਟੀਮ ਭਾਵਨਾ ਦੀ ਪ੍ਰਤੀਕ ਹੈ।

# ਕੇਂਦਰੀ ਲੇਖਕ ਸਭਾ ਦੀ ਚੋਣ ੨੩ ਜੂਨ ਨੂੰ

ਚੰਡੀਗੜ੍ਹ ਕੇਂਦਰੀ ਲੇਖਕ ਸਭਾ ਦੀ ਕਾਰਜਕਾਰਨੀ ਨੇ ਸਭਾ ਦੀ ਨਵੀਂ ਚੋਣ ੨੩ ਜੂਨ ਨੂੰ ਬਰਨਾਲਾ ਵਿਚ ਕਰਾਉਣ ਦਾ ਫੈਸਲਾ ਕੀਤਾ ਹੈ। ਸਾਰੀਆਂ ਸਬੰਧਤ ਲੇਖਕ ਸਭਾਵਾਂ ਦੇ ਮੈਂਬਰਾਂ ਦੇ ਚੰਦੇ ਕੇਂਦਰੀ ਦਫਤਰ ਵਿਚ ਪੁਜਣ ਦੀ ਅੰਤਮ ਮਿਤੀ ੨੨ ਮਈ ਨਿਸ਼ਚਤ ਕੀਤੀ ਗਈ ਹੈ। ਇਹ ਗੱਲ ਤੇਰਾ ਸਿੰਘ ਚੰਨ ਜਨਰਲ ਸਕੱਤਰ ਨੇ ਦਸੀ ਹੈ। ਉਕਤ ਮਿਤੀ ਤਕ ਜਿਹੜੇ ਮੈਂਬਰਾਂ ਦਾ ਚੰਦਾ ਕੇਂਦਰੀ ਦਫਤਰ ਵਿਚ ਪੁਜ ਜਾਵੇਗਾ ਉਹ ਹੀ ਚੋਣ ਵਿਚ ਭਾਗ ਲੈਣ ਦੇ ਹੱਕਦਾਰ ਹੋਣਗੇ। ਚੰਦਾ ੪ ਰੁਪਏ ਪ੍ਰਤੀ ਮੈਂਬਰ ਪੁਜਣਾ ਚਾਹੀਦਾ ਹੈ ਅਤੇ ਮੈਂਬਰਾਂ ਦੇ ਨਾਵਾਂ ਤੇ ਪਤਿਆਂ ਦੀ ਸੂਚੀ ਵੀ ਨਾਲ ਪੁਜਣੀ ਚਾਹੀਦੀ ਹੈ। ਸਿਧੇ ਮੈਂਬਰਾਂ ਦਾ ਵੀ ਦੋ ਸਾਲ ਦਾ ਚੰਦਾ ੧੦ ਰੁਪਏ ਨਿਸ਼ਚਿਤ ਮਿਤੀ ਤਕ ਪੁਜਣਾ ਚਾਹੀਦਾ ਹੈ। ਨਵਾਂ ਜੀਵਨ ਮੈਂਬਰ ਬਣਨ ਵਾਲੇ ਲੇਖਕ ਦਾ ੧੦੦/- ਰੁਪਏ ਚੰਦਾ ਵੀ ੨੨ ਮਈ ਤਕ ਪੁਜਣਾ ਚਾਹੀਦਾ ਹੈ ਤਾਂ ਹੀ ਉਹ ਚੋਣ ਵਿਚ ਹਿੱਸਾ ਲੈ ਸਕੇਗਾ।

ਰੁਬਾਈ

ਲੋਹੇ ਦੇ ਬਰਤਨ ਕਦੇ ਟੁੱਟਦੇ ਨਹੀਂ
ਬਾਗ ਨੂੰ ਮਾਲੀ ਕਦੇ ਪੁੱਟਦੇ ਨਹੀਂ।
ਟੁੱਟ ਜਾਂਦੇ ਖੂਨ ਦੇ ਰਿਸ਼ਤੇ ਕਈ,
ਪਿਆਰ ਦੇ ਰਿਸ਼ਤੇ ਕਦੇ ਟੁੱਟਦੇ ਨਹੀਂ।



Sri Satguru Jagjit Singh Ji eLibrary NamdhariElibrary@gmail.com

# ਵਰਿਆਮ ਨੂੰ ਸਹਿਯੋਗ

ਵਰਿਆਮ ਦੇ ਸਨੇਹੀ ਵੱਖ ਵੱਖ ਸਮਿਆਂ ਤੇ ਇਸ ਨੂੰ ਸਹਿਯੋਗ ਦਿੰਦੇ ਰਹਿੰਦੇ ਹਨ। ਅਸੀਂ ਇਹ ਸਹਾਇਤਾ ਦਾ ਵੇਰਵਾ ਧਨਵਾਦ ਸਹਿਤ ਪ੍ਰਕਾਸ਼ਤ ਕਰਨ ਦੀ ਖੁਸ਼ੀ ਲੈ ਰਹੇ ਹਾਂ :

— ਸ: ਕੁਲਦੀਪ ਸਿੰਘ ਸੇਠੀ ਚੰਦਰ ਨਗਰ ਆਲਮ ਬਾਗ ਲਖਨਊ ਵਲੋਂ ਧਨਵਾਦ ਸਹਿਤ ਪ੍ਰਾਪਤ ੧੦੦-੦੦

— ਸ: ਬਲਦੇਵ ਸਿੰਘ, ਕ੍ਰਿਸ਼ਨ ਨਗਰ ਜਲੰਧਰ ੫੧-੦੦

— ਸੰਤ ਬਲਬੀਰ ਸਿੰਘ ਭੱਟੀ (ਗਾਜ਼ੀਆਬਾਦ) ਦਿੱਲੀ ਵਲੋਂ ੧੦੦-੦੦

— ਸੰਤ ਮਹਿੰਦਰ ਸਿੰਘ ਭਮਰਾ ਮੋਰੋਂ ਵਾਲ ਡੁਬਈ ਤੋਂ ਭਾਰਤ ਯਾਤਰਾ ਤੇ ਆਉਣ ਸਮੇਂ ੨੦੦-੦੦

— ਸੰਤ ਅਵਤਾਰ ਸਿੰਘ ਨਵੀਨ ਕਲਾਥ ਹਾਊਸ ਮੰਡੀ ਵਲੋਂ ਸਪੁੱਤਰ ਸੰਤ ਰਾਜਪਾਲ ਸਿੰਘ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ ੧੦੧-੦੦

— ਬੈਂਕੋਕ ਵਾਸੀ ਸੇਠ ਇੰਦਰ ਸਿੰਘ ਨਰੂਲਾ ਜੀ ਦੇ ਪਰਿਵਾਰ ਵਲੋਂ ਬਦਸਤ ਸੇਠ ਨਰੈਣ ਸਿੰਘ ਨਰੂਲਾ ਜੀ ੫੧-੦੦

— ਸੇਠ ਨਰੈਣ ਸਿੰਘ ਜੀ ਨਰੂਲਾ ਬੈਂਕੋਕ ਵਾਲਿਆਂ ਵਲੋਂ ੫੧-੦੦

— ਸੰਤ ਹਰਬੰਸ ਸਿੰਘ ਸੁਰਿੰਦਰ ਸਿੰਘ ਨਗਰੋਟਾ ਬਗੂਆਂ ਨਿਵਾਸੀ ਦੇ ਪਿਤਾ ਸੰਤ ਹਰਬੰਸ ਸਿੰਘ ਜੀ ਚੜ੍ਹਾਈ ਕਰ ਗਏ। ਮਿਤੀ ੩੦-੧੨-੯੪ ਨੂੰ ਭੋਗ (ਸ੍ਰੀ ਭੈਣੀ ਸਾਹਿਬ) ਦੇ ਅਵਸਰ ਤੇ ੨੧-੦੦

— ਸ੍ਰੀ ਬੀਰ ਚੰਦ ਮੋਹਨ ਲਾਲ ਆਹੂਜਾ ਤਨਜ਼ਾਨੀਆ ਤੋਂ ਭਾਰਤ ਫੇਰੀ ਤੇ ਆਏ ਇਸ ਸਮੇਂ ਵਰਿਆਮ ਵਾਸਤੇ ਸਹਾਇਤਾ ਦਿਤੀ। ੧੦੦-੦੦

— ਥੋੜੇ ਸਾਲ ਸੰਤ ਤਰਨ ਸਿੰਘ ਵਹਿਮੀ ਦੀ ਯਾਦ ਵਿਚ ਪਿੰਡ ਰਾਮਪੁਰ (ਜੀਵਨ ਨਗਰ) ਵਿਖੇ ਕਵੀ ਦਰਬਾਰ ਹੋਇਆ ਇਸ ਸਮੇਂ ਵਹਿਮੀ ਸਪੁੱਤਰਾਂ ਸ: ਸਾਧੂ ਸਿੰਘ, ਬਲੀ ਸਿੰਘ ਜੀ ਵਲੋਂ ਸਹਾਇਤਾ ਆਈ ੨੫-੦੦

ਸੰਤ ਮਿਹਾ ਸਿੰਘ ਮਲੋਂ ਵਾਲੇ ਰਮੇਸ਼ ਨਗਰ ਨਵੀਂ ਦਿੱਲੀ ੧੧-੦੦

— ਸ: ਦਰਸ਼ਨ ਸਿੰਘ ਜੀ F-30 ਮਾਨਸਰੋਵਰ ਗਾਰਡਨ ਨਵੀਂ ਦਿੱਲੀ ੩੧-੦੦

— ਪੰਜਾਬੀ ਕਵੀ ਸ੍ਰੀ ਦਿਆਲ ਚੰਦ ਮਿਗਲਾਨੀ ਰੋਹਤਕ ੫੦-੦੦

# ਪਾਠਕਾਂ ਲਈ ਸੂਚਨਾ

— ਜੇ ਵਰਿਆਮ ਦਾ ਪਰਚਾ ਆਪ ਨੂੰ ਮਹੀਨੇ ਦੀ ਦਸ ਤਾਰੀਖ ਤਕ ਵੀ ਨਾ ਪੁਜੇ ਤਾਂ ਸਾਨੂੰ ਪੱਤਰ ਲਿਖੋ। ਅਸੀਂ ਹੋਰ ਪਰਚਾ ਭੇਜਣ ਦਾ ਪ੍ਰਬੰਧ ਕਰਾਂਗੇ। ਪਰ ਕਈ ਮਹੀਨੇ ਬੀਤ ਜਾਣ ਬਾਅਦ ਅਜਿਹੀ ਸ਼ਿਕਾਇਤ ਕਰਨੀ ਲਾਹੇਵੰਦ ਨਹੀਂ ਹੁੰਦੀ।

— ਚਿੱਠੀ ਪੱਤਰ ਕਰਨ ਲਗਿਆਂ ਆਪਣਾ ਪਤਾ ਠੀਕ ਅਤੇ ਪੜ੍ਹਨ ਯੋਗ ਲਿਖਿਆ ਜਾਵੇ। ਇਸ ਨਾਲ ਸਾਡੇ ਵਾਸਤੇ ਉਤਰ ਦੇਣਾ ਆਸਾਨ ਹੋਵੇਗਾ।

— ਵਰਿਆਮ ਵਾਸਤੇ ਅਪਣੇ ਚੰਦੇ ਦੀ ਰਕਮ ਤੁਸੀਂ ਆਪ ਫਿਕਰ ਨਾਲ ਸਾਲ ਦੇ ਸਾਲ ਜਮਾਂ ਕਰਾਇਆ ਕਰੋ। ਜੇ ਚੰਦਾ ਦੇਣ ਵਿਚ ਘੌਲ ਹੈ ਤਾਂ ਪੰਜ ਸਾਲ ਦਾ ਇਕਠਾ ਭੇਜ ਦਿਓ ਜਾਂ ਜੀਵਨ ਮੈਂਬਰੀ ਦਾ ਇਕਠਾ ਚੰਦਾ ਜਮਾਂ ਕਰਵਾ ਕੇ ਨਿਸਚਿੰਤ ਹੋ ਜਾਵੋ।

— ਵਰਿਆਮ ਵਾਸਤੇ ਆਪਣੀਆਂ ਫਰਮਾਂ ਦੇ ਇਸ਼ਤਿਹਾਰ ਜ਼ਰੂਰ ਦਿਓ। ਇਹ ਇਸ਼ਤਿਹਾਰ ਪੂਰੇ ਸਫੇ ਦੇ ਵੀ ਹੋ ਸਕਦੇ ਹਨ ਅਤੇ ਤੁਹਾਡੀ ਸਹੂਲਤ ਅਨੁਸਾਰ ਥੋੜੇ ਥਾਂ ਵਾਸਤੇ ਵੀ।

— ਵਰਿਆਮ ਵਿਚ ਛਪਦੀ ਸਾਮਗਰੀ ਬਾਰੇ ਅਪਣੀ ਰਾਏ ਜ਼ਰੂਰ ਭੇਜੋ। ਇਸ ਦੇ ਨੁਕਸਾਂ ਬਾਰੇ ਸਾਨੂੰ ਜਾਣੂ ਕਰਵਾਓ ਅਤੇ ਆਪਣੇ ਕੀਮਤੀ ਸੁਝਾਅ ਜ਼ਰੂਰ ਭੇਜੋ। ਸਾਨੂੰ ਲਿਖੋ ਕਿ ਕਿਹੜੀਆਂ ਲਿਖਤਾਂ ਤੁਹਾਨੂੰ ਪਸੰਦ ਆਈਆਂ ਹਨ।



Sri Satguru Jagjit Singh Ji eLibrary NamdhariElibrary@gmail.com

IATA

# GOLDEN HOLIDAYS

## To

## Thailand, Malayasia, Singapore
## Hongkong, Japan, Europe & U. S. A.

*TRAVEL WITHOUT WORRY*
*TRAVEL THE KWICK WAY*

*We assist in Passports, Visas,*
*Planning your itineraries Reservations,*
*Air Tickets—International*
*& Domestic,*
*Hotels & Car Hire,*

*for all your Travel & Tour requirement*

Contact :-

**Kwick** TRAVELS PVT. LTD.
2108, DESH BANDHU GUPTA ROAD.
KAROL - BAGH, NEW - DELHI - 110005 (INDIA)
Phones : 562588, 569206, 579646, 579648

Cable : KWICKAIR.



Sri Satguru Jagjit Singh Ji eLibrary NamdhariElibrary@gmail.com

REPUTED MANUFACTURERS OF:

SUPERIOR QUALITY

SINGLE BARREL &

DOUBLE BARREL

B. L. 12 BORE

# GUNS

Grams : SNIPER Phone : 3805

## MODERN GUN WORKS

Opp. Industrial Estate,
JAMMU CANTT.

---

With best compliments from :-

## *NAMDHARI BROTHERS*

Prop. S AJIT SINGH
*Main Bazar, DALTONGANJ (Bihar)*
Dealers : KIRLOSKAR DIESEL ENGINE P. S. G. ELECTRIC MOTORS. ELECTRICAL APPLIANCES STAINLESS STEEL PARTS, PRESSURE COOKERS AND AGRICULTURAL IMPLIMENTS

---

WITH BEST COMPLIMENTS FROM :

## *New Namdhari Cloth House*

WHOLE SALE CLOTH DEALERS

*Main Bazar DALTONGANJ (Bihar)*



Sri Satguru Jagjit Singh Ji eLibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT

Manufacturers of

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**



CONCETE MIXER 7/5

Phones : Office : 536093
Factory : 501973
Resi. : 505454

# BALWANT SINGH & SONS

Office : 4E/11 JHANDEWALA EXTN.
NEW DELHI 110055

Factory : A 2/3, MAYA PURI, PHASE II
Opp. C-70 NEW DELHI-110064

Sri Satguru Jagjit Singh Ji eLibrary NamdhariElibrary@gmail.com

Registered No. NW/JL—253
MONTHLY WARIAM April 1985
Registered with the registrar of News Papers for India No. 26453/75

# Poonam Biscuits Private Ltd.

## Manufacturers

## of

## Quality Biscuits

Office & Factory :

**E-23 M. I. D. C. Area**

**Chikalthana, Aurangabad-431210**

( Maharashtra )

Phone : 8626

Our Associates :

# Harbhajan Sarbjeet & Associates

ENGINEERS & CONTRACTORS

**H.O. : 72 Hazratganj Lucknow-226001**

**Phone : 52746**

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

Monthly WARIAM, Ladowali Road, Jalandhar-144001.

Sri Satguru Jagjit Singh Ji eLibrary NamdhariElibrary@gmail.com